International Research Journal of Humanities, Language and Literature
Vol. 2, Issue 12, Dec 2015 IF- 2.255 ISSN: (2394-1642)
© Associated Asia Research Foundation (AARF)
Website: www.aarf.asia Email : editor@aarf.asia , editoraarf@gmail.com

# ਪੰਜਾਬੀ ਨਾਟਕਾਂ ਦਾ ਇਤਿਹਾਸਕ ਸੰਦਰਭ

ਪ੍ਰੋ. ਮੰਗਤ ਰਾਮ
ਪੋਸਟ ਗ੍ਰੇਜੁਏਟ ਪੰਜਾਬੀ ਵਿਭਾਗ
ਸੰਤ ਪ੍ਰੇਮ ਸਿੰਘ ਕਰਮਸਰ ਖਾਲਸਾ ਕਾਲਜ,
ਬੇਗੋਵਾਲ (ਕਪੂਰਥਲਾ)

ਹਰ ਇਕ ਮਨੁੱਖ ਕਿਸੇ ਸਮਾਜ ਦਾ ਅੰਗ ਹੁੰਦਾ ਹੈ ਅਤੇ ਸਮਾਜ ਕਿਸੇ ਨਾ ਕਿਸੇ ਇਤਿਹਾਸਕ ਦੌਰ ਵਿੱਚ ਵਿਚਰਦਾ ਰਹਿੰਦਾ ਹੈ। ਇਤਿਹਾਸ ਮਨੁੱਖ ਨੇ ਆਪ ਸਿਰਜਿਆ ਹੈ। ਇਸ ਦੇ ਨਾਲ ਹੀ ਮਨੁੱਖ ਆਪਣੇ ਸੰਪੂਰਨ ਅਸਤਿਤਵ ਨਾਲ ਇਤਿਹਾਸ ਦਾ ਅੰਗ ਹੈ। ਮਨੁੱਖੀ ਸਮਾਜ ਇਤਿਹਾਸ ਵਿੱਚ ਵਿਚਰਦਾ ਵੀ ਹੈ ਅਤੇ ਇਤਿਹਾਸ ਦਾ ਨਿਰਮਾਣ ਵੀ ਕਰਦਾ ਹੈ। ਕਿਸੇ ਵੀ ਭਾਸ਼ਾ ਵਿਸ਼ੇਸ਼ ਦੀ ਵਿਸ਼ੇਸ਼ ਰੂਪ-ਵਿਦਿਆ ਨੂੰ ਗਤੀਸ਼ੀਲ ਪ੍ਰਕਿਰਿਆ ਵਜੋਂ ਸਮਝਣ ਲਈ ਇਤਿਹਾਸਕ ਦ੍ਰਿਸ਼ਟੀ ਦਾ ਆਪਣਾ ਮਹੱਤਵ ਹੈ। ਕਿਸੇ ਵੀ ਰਚਨਾ ਨੂੰ ਨਿਰਪੇਖ ਵਿਧਾਗਤ ਪਰਿਪੇਖ ਵਿੱਚ ਰੱਖ ਕੇ ਅਧਿਐਨ ਕਰਨ ਨਾਲ ਨਿਸ਼ਚਿਤ ਰੂਪ ਵਿੱਚ ਉਸ ਰਚਨਾ ਦੀ ਅੰਤਰੀਵ ਸੰਰਚਨਾ ਤੱਕ ਅੱਪੜਿਆ ਜਾ ਸਕਦਾ ਹੈ। ਪਰੰਤੂ, ਕਿਸੇ ਰਚਨਾ ਦੇ ਸੰਤੁਲਿਤ ਮੁਲਾਂਕਣ ਲਈ ਜ਼ਰੂਰੀ ਹੈ ਕਿ ਉਸ ਨੂੰ ਇਤਿਹਾਸਕ ਪਰਿਪੇਖ ਵਿੱਚ ਰੱਖ ਕੇ ਦੇਖਿਆ ਜਾਵੇ। ਡਾ. ਹਰਭਜਨ ਸਿੰਘ ਟੀ. ਐੱਸ. ਈਲੀਅਟ ਦਾ ਹਵਾਲਾ ਦਿੰਦੇ ਹੋਏ ਲਿਖਦੇ ਹਨ ਕਿ ਉਸ ਅਨੁਸਾਰ, ''ਕਿਸੇ ਵੀ ਕਵੀ ਜਾਂ ਕਲਾਕਾਰ ਪਾਸ ਆਪਣਾ ਪੂਰਾ ਲਕਸ਼ ਨਹੀਂ ਹੁੰਦਾ ਉਸ ਦੀ ਸਮਝ ਉਦੋਂ ਹੀ ਆਉਂਦੀ ਹੈ ਜੇਕਰ ਉਸ ਨੂੰ ਬੀਤ ਚੁੱਕੇ ਕਵੀਆਂ ਜਾਂ ਕਲਾਕਾਰਾਂ ਨਾਲ ਸੰਬੰਧਿਤ ਕਰ ਕੇ ਦੇਖਣ ਦਾ ਯਤਨ ਕੀਤਾ ਜਾਵੇ।''18

ਅਸੀਂ ਜਦੋਂ ਪੰਜਾਬੀ ਇਤਿਹਾਸਕ ਨਾਟਕ ਦੇ ਇਤਿਹਾਸਕ ਪਰਿਪੇਖ ਨੂੰ ਦ੍ਰਿਸ਼ਟੀਗੋਚਰ ਕਰਨ ਦੀ ਕੋਸ਼ਿਸ਼ ਕਰਦੇ ਹਾਂ ਤਾਂ ਸਾਡੇ ਸਾਹਮਣੇ ਸਭ ਤੋਂ ਪਹਿਲੀ ਸਮੱਸਿਆ ਪੰਜਾਬੀ ਨਾਟਕ ਦੇ ਉਦਭਵ ਨੂੰ ਨਿਰਧਾਰਤ ਕਰਨ ਦੀ ਹੈ। ਪੰਜਾਬੀ ਨਾਟਕ ਦੇ ਅਨੁਭਵ ਨੂੰ ਕਿਸੇ ਵਿਧੀ-ਵਿਗਿਆਨਕ ਦ੍ਰਿਸ਼ਟੀਕੋਣ ਤੇ ਦੇਖਣ ਦੀ ਪਰਿਪਾਟੀ ਅਜੇ ਨਹੀਂ ਪਈ। ਵਿਧੀ-ਵਿਗਿਆਨਕ ਦ੍ਰਿਸ਼ਟੀਕੋਣ ਦੀ ਅਣਹੋਂਦ ਵਿੱਚ ਆਲੋਚਕਾਂ ਅਤੇ ਇਤਿਹਾਸਕਾਰਾਂ ਵੱਲੋਂ ਪੰਜਾਬੀ ਨਾਟਕ ਦੇ ਅਨੁਭਵ ਬਾਰੇ ਪ੍ਰਗਟਾਏ ਗਏ ਵਿਚਾਰਾਂ ਵਿੱਚ ਕਾਫੀ ਮਤਭੇਦ ਪਾਏ ਜਾਂਦੇ ਹਨ। ਇਨ੍ਹਾਂ ਵਿੱਚੋਂ ਜਿਥੇ ਇੱਕ ਵਿਚਾਰ ਪੰਜਾਬੀ ਨਾਟ-ਪਰਪੰਰਾਂ ਨੂੰ ਵਿਸ਼ਵ ਦੀ ਸਭ ਤੋਂ ਪੁਰਾਤਨ ਪਰੰਪਰਾ ਸਿੱਧ ਕਰਨ ਲਈ ਇਸ ਦਾ ਆਰੰਭ ਹੜੱਪਾ ਅਤੇ ਮੋਹਿੰਜੋਦੋੜੋਂ ਦੀ ਸੱਭਿਅਤਾ ਨਾਲ ਜੋੜਦੇ ਹਨ ਉੱਥੇ ਦੂਜੇ ਪਾਸੇ ਇਸ ਦਾ ਆਰੰਭ ਨਿਰੋਲ ਨੋਰਾ ਰਿਚਰਡਜ਼ ਰਾਹੀਂ ਅੰਗਰੇਜ਼ੀ ਨਾਟ-ਸਾਹਿਤ ਦੇ ਪਏ ਪ੍ਰਭਾਵ ਕਾਰਨ ਆਈ.ਸੀ. ਨੰਦਾ ਦੇ ਨਾਟਕ ਦੁਲਹਨ (1913) ਨਾਲ ਹੁੰਦਾ ਦੱਸਦੇ ਹਨ। ਕੋਈ ਵੀ ਰੂਪਾਕਾਰ/ਰੂਪ-ਵਿਧੀ ਨਿਰੋਲ ਕਿਸੇ ਬਾਹਰੀ ਪ੍ਰਭਾਵ ਕਾਰਨ ਆਪਣੀ ਹੋਂਦ ਗ੍ਰਹਿਣ ਨਹੀਂ ਕਰ ਸਕਦਾ। ਬਾਹਰੀ ਪ੍ਰਭਾਵ ਦੇ ਕਾਰਨ ਤਾਂ ਹੋ ਸਕਦਾ ਹੈ ਪਰ

International Research Journal of Humanities, Language and Literature
Vol. 2, Issue 12, Dec 2015 IF- 2.255 ISSN: (2394-1642)
© Associated Asia Research Foundation (AARF)
Website: www.aarf.asia Email : editor@aarf.asia , editoraarf@gmail.com

ਇਕੋ ਕਾਰਨ ਨਹੀਂ। ਦਰਅਸਲ ਕਿਸੇ ਵਿਦੀ ਵਿਸ਼ੇਸ਼ ਦੇ ਉਦਭਵ ਲਈ ਸਮੇਂ ਤੇ ਸਮਾਜ ਦੀਆਂ ਆਪਣੀਆਂ ਸਥਿਤੀਆਂ ਜ਼ਿੰਮੇਵਾਰੀ ਹੁੰਦੀਆਂ ਹਨ।

ਸਾਹਿਤਕ ਰੂਪ-ਵਿਧਾਵਾਂ ਖ਼ਲਾਅ ਵਿੱਚੋਂ ਆਪਣੀ ਹੋਂਦ ਗ੍ਰਹਿਣ ਨਹੀਂ ਕਰਦੀਆਂ। ਕਿਸੇ ਵਿਸ਼ੇਸ਼ ਭੂਗੋਲਿਕ ਇਲਾਕੇ, ਭਾਸ਼ਾ, ਸੱਭਿਆਚਾਰਕ ਖਿੱਤੇ ਦੀਆਂ ਆਰਥਿਕ, ਰਾਜਨੀਤਿਕ, ਧਾਰਮਿਕ, ਸਮਾਜਿਕ, ਮਾਨਸਿਕ ਪ੍ਰਸਥਿਤੀਆਂ ਕਿਸੇ ਰੂਪ-ਵਿਧੀ ਦੇ ਉਦਭਵ ਅਤੇ ਵਿਕਾਸ ਦਾ ਆਧਾਰ ਤੱਤ ਹੁੰਦੀਆਂ ਹਨ। ਰੂਪ-ਵਿਧੀ ਦਾ ਸਿੱਧਾ ਸੰਬੰਧ ਵਸਤੂ-ਸਥਿਤੀ ਨਾਲ ਜੁੜਦਾ ਹੈ। ਵਸਤੂ-ਸਥਿਤੀ ਦੇ ਬਦਲਾਂ ਨਾਲ ਰੂਪ-ਵਿਧਾਵਾਂ ਵਿੱਚ ਪਰਿਵਰਤਨ ਆਉਣ ਦੀ ਸੰਭਾਵਨਾ ਹੁੰਦੀ ਹੈ। ਬਦਲਦੇ ਸਮਾਜਿਕ ਯਥਾਰਥ ਤੋਂ ਪਦਾਰਥਕ ਪ੍ਰਸਥਿਤੀਆਂ ਨਾਲ ਹੀ ਰੂਪ-ਵਿਧਾਵਾਂ ਦੇ ਉਦਭਵ, ਵਿਕਾਸ ਅਤੇ ਵਿਗਠਨ ਵਿੱਚ ਦ੍ਰਿਸ਼ਟੀਆਂ ਦੇ ਨਿਰਮਾਣ ਅਤੇ ਦ੍ਰਿਸ਼ਟੀਕੋਣਾਂ ਦੇ ਉਦੈ ਹੋਣ ਵਿੱਚ ਇਤਿਹਾਸਕ ਪ੍ਰਸਥਿਤੀਆਂ ਦਾ ਮਹੱਤਵਪੂਰਨ ਯੋਗਦਾਨ ਹੁੰਦਾ ਹੈ। ਇਸ ਲਈ ਕਿਹਾ ਜਾਂਦਾ ਹੈ ਕਿ-

''ਸਾਹਿਤਕ ਵਿਕਾਸ ਦੀ ਗਤੀ ਇਸ ਦੀਆਂ ਖਾਮੋਸ਼ੀਆਂ, ਸਿਖਰਾ, ਸੁੱਕਦੀਆਂ ਸ਼ਾਖਾਵਾਂ ਅਤੇ ਨਵੀਆਂ ਕਰੂੰਬਲਾਂ, ਇਤਿਹਾਸ ਦੀ ਮੁੱਖ ਧਾਰਾ ਦੁਆਰਾ ਨਿਰਧਾਰਿਤ ਹੁੰਦੀ ਹੈ।''19

ਸੋ ਸਪੱਸ਼ਟ ਹੈ ਕਿ ਕਿਸੇ ਸਮਾਜ ਦੀ ਇਤਿਹਾਸਕ ਸਥਿਤੀ ਰੂਪ-ਵਿਧਾਵਾਂ ਦੇ ਉਦਭਵ ਅਤੇ ਵਿਗਠਨ ਵਿੱਚ ਮਹੱਤਵਪੂਰਨ ਰੋਲ ਅਦਾ ਕਰਦੀ ਹੈ।

ਪਦਾਰਥਕ ਪ੍ਰਸਥਿਤੀਆਂ ਦੀਆਂ ਆਕਾਂਖਿਆਵਾਂ ਅਤੇ ਪ੍ਰਾਪਤ ਯਥਾਰਥ ਦੇ ਤਨਾਉ ਨੂੰ ਸਾਹਿਤਕਾਰ ਆਪਣੇ ਦ੍ਰਿਸ਼ਟੀਕੋਣ ਤੋਂ ਉਜਾਗਰ ਕਰਦੇ ਹਨ। ਜਦੋਂ ਕੋਈ ਸਾਹਿਤਕਾਰ ਸਮਾਜਿਕ ਯਥਾਰਥ ਨੂੰ ਪੇਸ਼ ਕਰਦਾ ਹੈ ਤਾਂ ਉਸ ਵਿੱਚ ਨਿਸ਼ਚਿਤ ਦ੍ਰਿਸ਼ਟੀਕੋਣ ਕਿਸੇ ਸ਼੍ਰੇਣੀ ਦਾ ਦ੍ਰਿਸ਼ਟੀਕੋਣ ਹੁੰਦਾ ਹੈ। ਇਸੇ ਲਈ ਇਹ ਕਿਹਾ ਜਾਂਦਾ ਹੈ ਕਿ ਕਿਸੇ ਸਾਹਿਤ ਵਿਧਾ ਦਾ ਉਦਭਵ ਜਾਂ ਵਿਗਠਨ ਕਿਸੇ ਸ਼੍ਰੇਣੀ ਦੇ ਉਦਭਵ ਜਾਂ ਵਿਗਠਨ ਨਾਲ ਸੰਬੰਧਿਤ ਹੁੰਦਾ ਹੈ। ਸੋ ਪੰਜਾਬੀ ਨਾਟਕ ਦੇ ਉਦਭਵ ਨੂੰ ਸਮਝਣ ਲਈ ਜ਼ਰੂਰੀ ਹੈ ਕਿ ਉਨ੍ਹਾਂ ਸਥਿਤੀਆਂ ਅਤੇ ਪ੍ਰਸਥਿਤੀਆਂ ਨੂੰ ਦ੍ਰਿਸ਼ਟੀਗੋਚਰ ਕੀਤਾ ਜਾਵੇ, ਜਿਨ੍ਹਾਂ ਕਾਰਨ ਪੰਜਾਬੀ ਨਾਟਕ ਦਾ ਉਦਭਵ ਸੰਭਵ ਹੋਇਆ ਹੈ।

ਨਾਟਕ ਸਹੀ ਅਰਥਾਂ ਵਿੱਚ ਅੰਗਰੇਜੀ ਦੇ ਆਉਣ ਨਾਲ ਸਹੀ ਸਾਹਮਣੇ ਆਉਂਦਾ ਹੈ। ਨਾਟਕ ਹੀ ਨਹੀਂ ਪੰਜਾਬੀ ਸਾਹਿਤ ਦੇ ਆਧੁਨਿਕ ਰੂਪ ਨਾਵਲ, ਕਹਾਣੀ ਆਦਿ ਵੀ ਪੱਛਮੀ ਸਾਹਿਤ ਦੇ ਪ੍ਰਭਾਵ ਅਧੀਨ ਹੀ ਉਪਜੇ ਹਨ। ਅੰਗਰੇਜ਼ਾਂ ਦੇ ਆਉਣ ਤੱਕ ਨਿਸ਼ਚਿਤ ਰੂਪ ਵਿੱਚ ਕੋਈ ਅਜਿਹਾ ਨਾਟਕ ਉਪਲਬਧ ਨਹੀਂ ਸੀ ਜਿਸ ਨੂੰ ਅਸੀਂ ਸਹੀ ਅਰਥਾਂ ਵਿੱਚ ਨਾਟਕ ਆਖ ਸਕੀਏ। ਨਾਟਕੀ ਗੁਣਾਂ ਤੇ ਤਕਨੀਕ ਮੁਤਾਬਿਕ ਗੁਰੂ ਗੋਬਿੰਦ ਸਿੰਘ ਦੇ ਬਚਿੱਤਰ ਨਾਟਕ, ਸੰਤ ਗੁਲਾਬ ਸਿੰਘ ਦੇ ਪ੍ਰਬੋਧ ਚੰਦਰ ਅਤੇ ਹਿਰਦੇ ਰਾਮ ਦੇ ਹਨੂੰਮਾਨ

**International Research Journal of Humanities, Language and Literature**
**Vol. 2, Issue 12, Dec 2015 IF- 2.255 ISSN: (2394-1642)**
**© Associated Asia Research Foundation (AARF)**
**Website: www.aarf.asia Email : editor@aarf.asia , editoraarf@gmail.com**

ਨਾਟਕ ਨੂੰ ਅਸੀਂ ਨਾਟਕ ਨਹੀਂ ਕਹਿ ਸਕਦੇ। ਅੰਗਰੇਜ਼ਾਂ ਦੇ ਭਾਰਤ ਵਿੱਚ ਪ੍ਰਵੇਸ਼ ਤੋਂ ਪਹਿਲਾਂ ਪੰਜਾਬੀ ਨਾਟਕ ਨਾ ਪੈਦਾ ਹੋਣ ਦੇ ਕਈ ਕਾਰਨ ਸਮਝੇ ਜਾਂਦੇ ਹਨ। ਜਿਨ੍ਹਾਂ ਵਿੱਚੋਂ ਪਹਿਲਾ ਕਾਰਨ ਮੁਸਲਮਾਨਾਂ ਦਾ ਇਸਲਾਮੀ ਸਤਰਾਂ ਮੁਤਾਬਿਕ ਨਾਟਕ ਕਲਾ ਦੇ ਵਿਰੁੱਧ ਹੋਣਾ, ਦੂਸਰਾ ਕਾਰਨ ਸਿੱਖ ਧਰਮ ਤੇ ਸਿੱਖ ਰਾਜ ਵਲੋਂ ਨਾਟਕ ਨੂੰ ਕੋਈ ਉਤਸ਼ਾਹ ਨਾ ਮਿਲਣਾ ਅਤੇ ਯੁੱਧਗਰਦੀ ਤੇ ਅਸ਼ਾਂਤੀ ਦਾ ਰਹਿਣਾ ਆਦਿ ਸਮਝੇ ਜਾਂਦੇ ਹਨ।

ਅੰਗਰੇਜ਼ਾਂ ਵਲੋਂ ਪੰਜਾਬ ਉੱਪਰ ਕਬਜ਼ਾ ਕਰਨ ਉਪਰੰਤ ਪੰਜਾਬ ਦੇ ਜਨ-ਜੀਵਨ ਵਿੱਚ ਵਿਭਿੰਨ ਪੱਧਰਾਂ ਉੱਪਰ ਪਰਿਵਰਤਨ ਆਉਣੇ ਆਰੰਭ ਹੋ ਗਏ, ਜਿਸ ਦੇ ਨਤੀਜੇ ਵਜੋਂ ਪੰਜਾਬ ਅੰਦਰ ਇਕ ਨਵੀਂ ਸ਼੍ਰੇਣੀ ਜਿਸ ਨੂੰ ਮੱਧ ਸ਼੍ਰੇਣੀ ਦਾ ਨਾਂ ਦਿੱਤਾ ਗਿਆ, ਹੋਂਦ ਵਿੱਚ ਆਈ। ਇਸ ਨਵੇਂ ਪੈਦਾ ਹੋਏ-ਮੱਧ-ਵਰਗ ਲਈ ਮਨੋਰੰਜਨ ਦੇ ਪਰੰਪਰਾਗਤ ਸਾਧਨ ਨਾ ਕਾਫੀ ਸਨ। ਇਸ ਤੋਂ ਵਧੇਰੇ ਇਹ ਪੜ੍ਹਿਆ-ਲਿਖਿਆ ਮੱਧ ਵਰਗ, ਪੁਰਾਣੀਆਂ ਕਦਰਾਂ-ਕੀਮਤਾਂ ਨੂੰ ਪ੍ਰਚਲਿਤ ਰੂਪ ਵਿੱਚ ਗ੍ਰਹਿਣ ਕਰਨ ਤੋਂ ਇਨਕਾਰੀ ਹੋ ਰਿਹਾ ਸੀ ਅਤੇ ਨਵੇਂ ਸਮਾਜਿਕ ਮੁੱਲ ਪ੍ਰਚਲਿਤ ਕਰਨ ਲਈ ਯਤਨਸ਼ੀਲ ਸੀ। ਅਜਿਹੀ ਸਥਿਤੀ ਵਿੱਚ ਪੰਜਾਬ ਦੇ ਮੱਧ-ਵਰਗੀ ਪਰਿਵਾਰਾਂ ਵਿੱਚ ਪੁਰਾਣੇ ਅਤੇ ਨਵੇਂ ਮੁੱਲਾਂ ਦੇ ਆਧਾਰ ਤੇ ਇੱਕ ਤਨਾਉ-ਯੁਕਤ ਸਥਿਤੀ ਪੈਦਾ ਹੋਈ। ਇਹ ਤਨਾਉ-ਯੁਕਤ ਸਥਿਤੀ ਵੀ ਪੰਜਾਬੀ ਨਾਟਕ ਦੇ ਉਦਭਵ ਦਾ ਇੱਕ ਮਹੱਤਵਪੂਰਨ ਕਾਰਨ ਬਣੀ। ਇਸ ਸਮੇਂ ਹੀ ਪਾਰਸੀ ਥੀਏਟਰੀਕਲ ਕੰਪਨੀਆਂ ਮੱਧ-ਵਰਗ ਦੇ ਮਨੋਰੰਜਨ ਲਈ ਵਿਉਪਾਰਕ ਨਜ਼ਰੀਏ ਤੋਂ ਪੰਜਾਬ ਆਉਣੀਆਂ ਆਰੰਭ ਹੋਈਆਂ। ਇਨ੍ਹਾਂ ਪਾਰਸੀ ਥੀਏਟਰੀਕਲ ਕੰਪਨੀਆਂ ਦੇ ਬਹੁਤੇ ਨਾਟਕ ਸਮਾਜ-ਸੁਧਾਰ ਅਤੇ ਨੈਤਿਕਤਾ ਦੇ ਵਿਸ਼ਿਆਂ ਨਾਲ ਸੰਬੰਧਿਤ ਹੁੰਦੇ ਸਨ। ਪਰੰਤੂ, ਕਿਉਂਕਿ ਇਹ ਵਿਉਪਾਰਕ ਕੰਪਨੀਆਂ ਸਨ, ਇਸ ਲਈ ਇਨ੍ਹਾਂ ਵਿੱਚ ਰੁਮਾਂਸ ਦੇ ਅੰਸ਼ ਭਰਪੂਰ ਰੂਪ ਵਿੱਚ ਹੁੰਦੇ ਸਨ। ਇਹ ਕੰਪਨੀਆਂ ਪੱਛਮੀ ਨਾਟਕਾਂ ਦੇ ਹਿੰਦੁਸਤਾਨੀ ਅਨੁਵਾਦ ਵੀ ਪੇਸ਼ ਕਰਦੀਆਂ ਸਨ। ਇਸ ਸਾਰੀ ਸਥਿਤੀ ਤੋਂ ਪ੍ਰਭਾਵਿਤ ਹੋ ਕੇ ਡਾ. ਚਰਨ ਸਿੰਘ ਨੇ ਕਾਲੀਦਾਸ ਦੇ ਨਾਟਕ ਸ਼ਕੁੰਤਲਾ ਦਾ ਪੰਜਾਬੀ ਅਨੁਵਾਦ ਕੀਤਾ। ਇੱਥੇ ਹੀ ਅਨੁਵਾਦ ਇਹ ਦੱਸਦਾ ਹੈ ਕਿ ਇਸ ਤੋਂ ਪਹਿਲਾਂ ਪੰਜਾਬੀ ਵਿੱਚ ਕੋਈ ਨਾਟ-ਰਚਨਾ ਪ੍ਰਾਪਤ ਨਹੀਂ ਹੈ।20

ਅਸੀਂ ਪਹਿਲਾਂ ਵੀ ਜ਼ਿਕਰ ਕਰ ਚੁੱਕੇ ਹਾਂ ਕਿ ਨਾਟਕ ਤੇ ਇਤਿਹਾਸਕ ਨਾਟਕ ਬੇਸ਼ੱਕ ਦੋਵੇਂ ਇੱਕ ਹੀ ਸਾਹਿਤ ਰੂਪ ਹਨ ਪਰ ਵਿਸ਼ੇ ਪੱਖੋਂ ਇਨ੍ਹਾਂ ਵਿੱਚ ਭਿੰਨਤਾਂ ਦ੍ਰਿਸ਼ਟੀਗੋਚਰ ਹੁੰਦੀ ਹੈ। ਇਤਿਹਾਸਕ ਨਾਟਕ ਵਿੱਚ ਨਾਟਕਕਾਰ ਨੂੰ ਦੋਹਰੀ ਜ਼ਿੰਮੇਵਾਰੀ ਦਾ ਪਾਲਣ ਕਰਨਾ ਪੈਂਦਾ ਹੈ। ਉਹ ਇਤਿਹਾਸ ਦੀ ਇਤਿਹਾਸਕਤਾ ਅਤੇ ਸਾਹਿਤ ਦੀ ਸਾਹਿਤਕਤਾ ਦੋਹਾਂ ਪ੍ਰਤਿ ਵਚਨਬੱਧ ਹੁੰਦਾ ਹੈ। ਇਤਿਹਾਸ ਨੂੰ ਵਿਸ਼ੇ ਵਜੋਂ ਲੈਂਦੇ ਸਮੇਂ ਉਹ ਸੁਚੇਤ ਪਧੱਰ ਤੇ ਅਜਿਹੀ ਇਤਿਹਾਸਕ ਘਟਨਾ ਦੀ ਚੋਣ ਕਰਦਾ ਹੈ ਜੋ ਸਮਕਾਲ ਨੂੰ ਨਵੀਂ ਦਿਸ਼ਾ ਪ੍ਰਦਾਨ ਕਰ ਸਕੇ ਅਤੇ ਜਿਸ ਨੂੰ ਵਰਤਮਾਨ ਰੰਗਮੰਚੀ ਵਿਧੀਆਂ ਰਾਹੀਂ ਸਾਕਾਰ ਕੀਤਾ ਜਾ ਸਕੇ। ਪੰਜਾਬੀ ਸਾਹਿਤ ਵਿੱਚ ਬਹੁਤ ਸਾਰੇ ਅਜਿਹੇ ਨਾਟਕਕਾਰ ਹੋਏ ਹਨ ਜਿਨ੍ਹਾਂ ਨੇ ਆਪਣੀ ਨਾਟ-ਦ੍ਰਿਸ਼ਟੀ ਇਤਿਹਾਸ ਨਾਲ ਜੋੜੀ ਹੈ ਅਤੇ ਇਤਿਹਾਸ ਘਟਨਾਵਾਂ ਨੂੰ ਵਰਤਮਾਨ ਕਦਰਾਂ-ਕੀਮਤਾਂ ਦੇ ਸਾਂਚੇ

International Research Journal of Humanities, Language and Literature
Vol. 2, Issue 12, Dec 2015 IF- 2.255 ISSN: (2394-1642)
© Associated Asia Research Foundation (AARF)
Website: www.aarf.asia Email : editor@aarf.asia , editoraarf@gmail.com

ਵਿੱਚ ਢਾਲ ਕੇ ਪੁਨਰ-ਸੁਰਜੀਤ ਕੀਤਾ ਹੈ। ਸੋ ਪੰਜਾਬੀ ਵਿੱਚ ਆਈ ਇਸ ਇਤਿਹਾਸਕ ਨਾਟ-ਵੰਨਗੀ ਨੂੰ ਅਸੀਂ ਪ੍ਰਮੁੱਖ ਰੂਪ ਵਿੱਚ ਤਿੰਨ ਭਾਗਾਂ ਵਿੱਚ ਵੰਡ ਕੇ ਆਪਣੇ ਅਧਿਐਨ ਦਾ ਕੇਂਦਰ-ਬਿੰਦੂ ਬਣਾ ਸਕਦੇ ਹਾਂ-

ੳ. 1947 ਤੋਂ ਪਹਿਲਾਂ ਦਾ ਪੰਜਾਬੀ ਇਤਿਹਾਸਕ ਨਾਟਕ।

ਅ. 1948 ਤੋਂ 1965 ਤੱਕ ਦਾ ਪੰਜਾਬੀ ਇਤਿਹਾਸਕ ਨਾਟਕ।

ੲ. 1966 ਤੋਂ ਹੁਣ ਤੱਕ ਦਾ ਪੰਜਾਬੀ ਇਤਿਹਾਸਕ ਨਾਟਕ।

(ੳ) 1947 ਤੋਂ ਪਹਿਲਾਂ ਦਾ ਪੰਜਾਬੀ ਇਤਿਹਾਸਕ ਨਾਟਕ

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਸਿੱਖ ਦਰਬਾਰ ਰਾਜਸੀ ਸਾਜ਼ਿਸ਼ਾਂ ਦਾ ਸ਼ਿਕਾਰ ਹੋ ਗਿਆ। ਸਿੱਖ-ਰਾਜ ਦੀ ਵਿਗੜੀ ਹੋਈ ਅੰਦਰੂਨੀ ਸਥਿਤੀ ਤੇ ਅੰਗਰੇਜ਼ ਸਾਮਰਾਜ ਦੇ ਰਾਜ-ਵਿਸਥਾਰ ਦੀ ਨੀਤੀ ਦਾ ਨਤੀਜਾ ਇਹ ਹੋਇਆ ਕਿ 1849 ਈ. ਨੂੰ ਪੰਜਾਬ ਪੂਰੀ ਤਰ੍ਹਾਂ ਅੰਗਰੇਜ਼ਾਂ ਦੇ ਅਧੀਨ ਹੋ ਗਿਆ। ਅੰਗਰੇਜ਼ਾਂ ਦੀ ਸ਼ਾਸਨ-ਪ੍ਰਣਾਲੀ ਸਿੱਖ ਰਾਜ ਦੀ ਸ਼ਾਸਨ-ਪ੍ਰਣਾਲੀ ਤੋਂ ਪੂਰੀ ਤਰ੍ਹਾਂ ਭਿੰਨ ਸੀ। ਇਸ ਤੋਂ ਇਲਾਵਾ ਅੰਗਰੇਜ਼ ਪੰਜਾਬ ਵਿੱਚੋਂ ਸਿੱਖ ਧਰਮ ਦੇ ਪ੍ਰਭਾਵ ਨੂੰ ਪੂਰੀ ਤਰ੍ਹਾਂ ਨਾਲ ਖ਼ਤਮ ਕਰਨਾ ਚਾਹੁੰਦੇ ਸਨ। ਇਸ ਮਕਸਦ ਦੀ ਪੂਰਤੀ ਲਈ ਪੱਛਮੀ ਭਾਂਤ ਦੀ ਵਿੱਦਿਆ ਦੇ ਪ੍ਰਚਾਰ ਲਈ ਉਨ੍ਹਾਂ ਨੇ ਥਾਂ-ਥਾਂ ਤੇ ਮਿਸ਼ਨਰੀ ਸਕੂਲ ਖੋਲ੍ਹਣੇ ਆਰੰਭ ਕਰ ਦਿੱਤੇ। ਜਿੱਥੇ ਇਹ ਸਕੂਲ ਪੱਛਮੀ ਭਾਂਤ ਦੀ ਵਿੱਦਿਆ ਦਾ ਪਾਸਾਰ ਕਰਦੇ ਸਨ ਉੱਥੇ ਇਹ ਸਕੂਲ ਈਸਾਈਅਤ ਧਰਮ ਦਾ ਪ੍ਰਚਾਰ ਵੀ ਕਰਦੇ ਸਨ। ਇਸ ਦਾ ਸਿੱਟਾ ਇਹ ਹੋਇਆ ਕਿ ਪੰਜਾਬ ਅੰਦਰ ਬਹੁਤ ਸਾਰੇ ਵਿਅਕਤੀ ਖ਼ਾਸ ਕਰ ਕੇ ਸਿੱਖ ਧਰਮ ਨਾਲ ਸੰਬੰਧ ਰੱਖਣੇ ਵਾਲੇ ਈਸਾਈ ਹੋਣ ਦੀ ਇੱਛਾ ਜ਼ਾਹਰ ਕਰਨ ਲੱਗੇ। ਈਸਾਈਅਤ ਦੇ ਪ੍ਰਚਾਰ ਤੋਂ ਪੈਦਾ ਹੋਣ ਵਾਲੇ ਧਾਰਮਿਕ-ਸੱਭਿਆਚਾਰਕ ਸੰਕਟ ਦਾ ਟਾਕਰਾ ਕਰਨ ਲਈ ਧਾਰਮਿਕ' ਸੁਧਾਰਕ ਲਹਿਰਾਂ ਹੋਂਦ ਵਿੱਚ ਆਈਆਂ ਅਤੇ ਪੰਜਾਬੀ ਵਿਦਿਆਰਥੀਆਂ ਨੂੰ ਆਪਣੇ ਧਾਰਮਿਕ, ਇਤਿਹਾਸਕ, ਸੱਭਿਆਚਾਰਕ ਪਿਛੋਕੜ ਨਾਲ ਜੋੜੀ ਰੱਖਣ ਲਈ ਵਿਦਿਅਕ ਅਦਾਰੇ ਜਿਵੇਂ ਕਿ ਡੀ.ਏ.ਵੀ. ਸਕੂਲ ਲਹਿਰ (1886), ਖਾਲਸਾ ਸਕੂਲ ਅਤੇ ਪੰਜਾਬ ਯੂਨੀਵਰਸਿਟੀ ਲਾਹੌਰ (1882) ਆਦਿ ਸਥਾਪਿਤ ਕੀਤੇ ਗਏ। ਇਸ ਤਰ੍ਹਾਂ ਤਨਾਉ ਸ਼ੀਲ ਸਭਿਆਚਾਰਕ ਸਥਿਤੀ ਹੀ ਪੰਜਾਬ ਵਿੱਚ ਵਿਦਿਅਕ ਮਾਹੌਲ ਪੈਦਾ ਕਰਨ ਦਾ ਆਧਾਰ ਬਣੀ ਅਤੇ ਪੰਜਾਬ ਵਿੱਚ ਇੱਕ ਨਵੀਂ ਸ਼੍ਰੇਣੀ, ਜਿਸ ਨੂੰ 'ਮੱਧ-ਸ਼੍ਰੇਣੀ' ਦਾ ਨਾਂ ਦਿੱਤਾ ਗਿਆ, ਹੋਂਦ ਵਿੱਚ ਆਈ। ਪੰਜਾਬ ਦੇ ਨਵੇਂ ਵਿੱਦਿਅਕ ਮਾਹੌਲ ਕਾਰਨ ਹੋਂਦ ਵਿੱਚ ਆਈ ਮੱਧ-ਸ਼੍ਰੇਣੀ ਦੇ ਮਨੋਰੰਜਨ ਲਈ ਪਰੰਪਰਾਗਤ ਸਾਧਨ ਕਾਫੀ ਨਹੀਂ ਸੀ। ਜਿਸ ਕਾਰਨ ਇਨ੍ਹਾਂ ਨੇ ਪੰਜਾਬ ਅੰਦਰ ਆਈਆਂ ਪਾਰਸੀ ਥੀਏਟਰੀਕਲ ਕੰਪਨੀਆਂ ਵੱਲ ਵਿਸ਼ੇਸ਼ ਧਿਆਨ ਦਿੱਤਾ। ਇਨ੍ਹਾਂ ਕੰਪਨੀਆਂ ਦੇ ਨਾਟਕਾਂ ਦਾ ਵਿਸ਼ਾ ਸੱਚ, ਪਤੀਬੱਧਤਾ, ਧਰਮ, ਬਲੀਦਾਨ, ਸੂਰਬੀਰਤਾ ਅਤੇ 'ਅੰਤ ਭਲੇ ਦਾ ਭਲਾ' ਹੁੰਦਾ ਸੀ। ਇਨ੍ਹਾਂ

International Research Journal of Humanities, Language and Literature
Vol. 2, Issue 12, Dec 2015 IF- 2.255 ISSN: (2394-1642)
© Associated Asia Research Foundation (AARF)
Website: www.aarf.asia Email : editor@aarf.asia , editoraarf@gmail.com

ਕੰਪਨੀਆਂ ਦੀਆਂ ਪੇਸ਼ਕਾਰੀਆਂ ਦੇ ਪ੍ਰਭਾਵ ਅਤੇ ਅੰਗਰੇਜ਼ੀ ਨਾਟਕ ਦੇ ਸਿੱਧੇ ਅਧਿਐਨ ਦੇ ਪ੍ਰਭਾਵ ਅਧੀਨ ਹੀ ਪੰਜਾਬੀ ਨਾਟਕ ਹੋਂਦ ਵਿੱਚ ਆਇਆ। ਇਹੋ ਕਾਰਨ ਹੈ ਕਿ ਪੰਜਾਬੀ ਦੇ ਆਰੰਭਲੇ ਨਾਟਕ ਚੰਦ੍ਰਹਰੀ, ਰਾਜਾ ਲੱਖਦਾਤਾ ਸਿੰਘ ਅਤੇ ਪੂਰਨ ਨਾਟਕ ਆਦਿ ਵਸਤੂ ਦੇ ਨਾਟਕੀ ਵਿਸਤਾਰ ਦੀ ਪੱਧਰ 'ਤੇ ਪਾਰਸੀ ਥੀਏਟਰੀਕਲ ਕੰਪਨੀਆਂ ਤੋਂ ਪ੍ਰਭਾਵਿਤ ਹਨ।

ਕਿਰਪਾ ਸਾਗਰ ਨੇ ਮਹਾਰਾਜਾ ਰਣਜੀਤ ਸਿੰਘ ਨਾਲ ਸੰਬਧਿਤ ਤਿੰਨ ਇਤਿਹਾਸਕ ਨਾਟਕਾਂ ਮਹਾਰਾਜਾ ਰਣਜੀਤ ਸਿੰਘ (ਭਾਗ ਪਹਿਲਾ 1923), ਮਹਾਰਾਜਾ ਰਣਜੀਤ ਸਿੰਘ (ਭਾਗ ਦੂਜਾ 1923) ਅਤੇ ਡੀਡੋ ਜੰਮਵਾਲ ਮਹਾਰਾਜਾ ਰਣਜੀਤ ਸਿੰਘ (ਭਾਗ ਤੀਸਰਾ 1934) ਦੀ ਰਚਨਾ ਕੀਤੀ। ਮਹਾਰਾਜਾ ਰਣਜੀਤ ਸਿੰਘ ਭਾਗ ਪਹਿਲਾ ਦੀ ਰਚਨਾ ਨਾਟਕਕਾਰ ਨੇ ਸ਼ਰਧਾ ਰਾਮ ਫਿਲੋਰੀ ਵੱਲੋਂ ਰਣਜੀਤ ਸਿੰਘ ਦੀ ਕੀਤੀ ਨਿੰਦਿਆਂ ਦੇ ਪ੍ਰਤੀਕਰਮ ਵਜੋਂ ਕੀਤੀ।22 ਨਾਟਕ ਦੀ ਭੂਮਿਕਾ ਵਿੱਚ ਨਾਟਕਕਾਰ ਇਸ ਨਾਟਕ ਦੇ ਦੋ ਹੋਰ ਰਚਨਾ-ਮਨੋਰਥਾਂ ਬਾਰੇ ਵੀ ਦੱਸਦਾ ਹੈ। ਪਹਿਲਾ-ਰਣਜੀਤ ਸਿੰਘ ਨੂੰ ਇੱਕ ਲੋਕ-ਨਾਇਕ ਵਜੋਂ ਪੇਸ਼ ਕਰਨਾ। ਮਹਾਰਾਜਾ ਰਣਜੀਤ ਸਿੰਘ ਦੇ ਸੰਪੂਰਨ ਜੀਵਨ ਨੂੰ ਨਾਟਕਕਾਰ ਨੇ ਤਿੰਨ ਭਾਗਾਂ ਵਿੱਚ ਵੰਡ ਕੇ ਨਾਟ-ਰੂਪ ਵਿੱਚ ਪੇਸ਼ ਕੀਤਾ ਹੈ। ਨਾਟਕਕਾਰ ਦਾ ਮੁੱਖ ਮੰਤਵ ਰਣਜੀਤ ਸਿੰਘ ਨੂੰ ਇੱਕ ਲੋਕ-ਨਾਇਕ ਵਜੋਂ ਪੇਸ਼ ਕਰਨਾ ਹੈ। ਇਤਿਹਾਸਕ ਵਿਅਕਤੀ ਨੂੰ ਲੋਕ-ਨਾਇਕ ਬਣਾਉਣ ਲਈ ਉਹ ਕੁੱਝ ਲੋਕਧਾਰਾਈ ਜੁਗਤਾਂ ਦੀ ਵਰਤੋਂ ਕਵੀ ਕਰਦਾ ਹੈ। ਗੁਰੂ ਗੋਬਿੰਦ ਸਿੰਘ ਦਾ ਸੁਪਨੇ ਵਿੱਚ ਆਣ ਕੇ ਰਾਜ ਸੌਂਪਣ ਵਾਲੀ ਘਟਨਾ ਇੱਕ ਅਜਿਹੀ ਹੀ ਜੁਗਤ ਹੈ। ਨਾਟਕਕਾਰ ਨਾ ਕੇਵਲ ਰਣਜੀਤ ਸਿੰਘ ਨੂੰ ਵਰਤਮਾਨ ਜੀਵਨ ਵਿੱਚ ਦਿਆਲੂ, ਅਸੰਪਰਦਾਇਕ, ਯੋਧਾਂ ਆਦਿ ਵਿਸ਼ੇਸ਼ਣਾਂ ਨਾਲ ਪੇਸ਼ ਕਰਦਾ ਹੈ, ਬਲਕਿ ਪੂਰਬਲੇ ਜਨਮ ਵਿੱਚ ਵੀ ਉਸ ਨੂੰ ਮਹਾਨ ਤਪੱਸਵੀ ਦੱਸਦਾ ਹੈ। ਨਾਟਕ ਵਿੱਚ ਇਤਿਹਾਸਕ ਘਟਨਾਵਾਂ ਤੋਂ ਇਲਾਵਾ ਨਿਰੋਲ ਕਾਲਪਨਿਕ, ਪਰਾਭੌਤਿਕ ਅਦਭੁਤ ਘਟਨਾਵਾਂ ਦੀ ਸਿਰਜਨਾ ਵੀ ਕੀਤੀ ਗਈ ਹੈ।

ਕਿਰਪਾ ਸਾਗਰ ਦਾ ਨਾਟਕ ਮਹਾਰਾਜਾ ਰਣਜੀਤ ਸਿੰਘ (ਭਾਗ ਦੂਜਾ) ਮਹਾਰਾਜਾ ਰਣਜੀਤ ਸਿੰਘ ਨਾਲ ਸੰਬੰਧਿਤ, ਕਸੂਰ ਦੀ ਜਿੱਤ ਤੋਂ ਲੈ ਕੇ ਅੰਗਰੇਜ਼ਾਂ ਨਾਲ ਸਤਲੁਜ ਤੋਂ ਪਾਰ ਦੇ ਇਲਾਕੇ ਦੀ ਸੰਧੀ ਕਰਨ ਅਤੇ ਕਾਂਗੜੇ ਦੀ ਜਿੱਤ ਤੱਕ ਦੀਆਂ ਇਤਿਹਾਸਕ ਘਟਨਾਵਾਂ ਨੂੰ ਪੇਸ਼ ਕਰਦਾ ਹੈ। ਇਸ ਭਾਗ ਵਿੱਚ ਵੀ ਨਾਟਕਕਾਰ ਰਣਜੀਤ ਸਿੰਘ ਨੂੰ ਇੱਕ ਲੋਕ-ਨਾਇਕ ਵਜੋਂ ਸਿਰਜਣ ਵਿੱਚ ਰੁਚਿਤ ਪ੍ਰਤੀਤ ਹੁੰਦਾ ਹੈ। ਨਾਟਕ ਵਿੱਚ ਰਣਜੀਤ ਸਿੰਘ ਨੂੰ ਅਜਿਹੇ ਮਹਾਰਾਜੇ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ, ਜੋ ਮਹਾਰਾਜਾ ਹੁੰਦਾ ਹੋਇਆ ਵੀ ਸਿੱਖ ਧਰਮ ਦੀਆਂ ਪਰੰਪਰਾਵਾਂ ਅਤੇ ਰਹੁ-ਰੀਹਾਂ ਦਾ ਪੂਰਾ ਅਨੁਯਾਈ ਸੀ। ਨਾਟਕਕਾਰ ਸਾਰੇ ਨਾਟਕ ਨੂੰ ਪੰਜ ਭਾਗਾਂ ਵਿੱਚ ਵੰਡ ਕੇ ਮਹਾਰਾਜਾ ਰਣਜੀਤ ਸਿੰਘ ਨੂੰ ਲੋਕ-ਨਾਇਕ ਬਣਾਉਣ ਦਾ ਸਫ਼ਲ ਉਪਰਾਲਾ ਇਸ ਨਾਟਕੀ-ਕ੍ਰਿਤ ਵਿੱਚ ਕਰਦਾ ਹੈ।

1934 ਨੂੰ ਨਾਟਕਕਾਰ ਕਿਰਪਾ ਸਾਗਰ ਨੇ ਇੱਕ ਹੋਰ ਇਤਿਹਾਸਕ ਨਾਟਕ ਡੀਡੋ ਜੰਮਵਾਲ 'ਮਹਾਰਾਜਾ ਰਣਜੀਤ ਸਿੰਘ' ਭਾਗ ਤੀਜਾ ਦੀ ਰਚਨਾ ਕੀਤੀ। ਇਹ ਨਾਟਕ ਪੰਜਾਬੀ ਦਾ ਅਜਿਹਾ ਪਹਿਲਾ ਨਾਟਕ ਹੈ ਜਿਸ ਵਿੱਚ ਗ਼ੁਲਾਮੀ ਦੇ ਜੀਵਨ ਨਾਲੋ ਮਰ-ਮਿਟਣ ਦਾ

**International Research Journal of Humanities, Language and Literature**
**Vol. 2, Issue 12, Dec 2015 IF- 2.255 ISSN: (2394-1642)**
**© Associated Asia Research Foundation (AARF)**
**Website: www.aarf.asia Email : editor@aarf.asia , editoraarf@gmail.com**

ਸੰਦੇਸ਼ ਦਿੱਤਾ ਗਿਆ ਹੈ। ਨਿਰਸੰਦੇਹ, ਆਪਣੇ ਪਹਿਲੇ ਦੋ ਨਾਟਕਾਂ ਵਿੱਚ ਵੀ ਕਿਰਪਾ ਸਾਗਰ ਇਹ ਦਾਅਵਾ ਕਰਦਾ ਹੈ ਕਿ ਉਹ ਰਣਜੀਤ ਸਿੰਘ ਨੂੰ ਇੱਕ ਰਾਸ਼ਟਰੀ ਨਾਇਕ ਵਜੋਂ ਪੇਸ਼ ਕਰ ਰਿਹਾ ਹੈ।23 ਪਰ ਉਸ ਦਾ ਦਾਅਵਾ ਸੰਕਲਪ ਦੀ ਪੱਧਰ ਤੱਕ ਸੀਮਿਤ ਰਹਿੰਦਾ ਹੈ। ਨਾਟਕੀ ਸਿਰਜਨਾ ਵਿੱਚੋਂ ਰਣਜੀਤ ਸਿੰਘ ਦਾ ਇੱਕ ਲੋਕ-ਨਾਇਕ ਵਾਲਾ ਬਿੰਬ ਤਾਂ ਉੱਭਰਦਾ ਹੈ, ਪਰ ਰਾਸ਼ਟਰੀ ਨਾਇਕ ਵਾਲਾ ਨਹੀਂ। ਇਹ ਨਾਟਕ ਕਿਰਪਾ ਸਾਗਰ ਦੇ ਨਾਟਕ ਮਹਾਰਜਾ ਰਣਜੀਤ ਸਿੰਘ ਦੇ ਪਹਿਲੇ ਦੋ ਭਾਗਾਂ ਨਾਲ ਕੇਵਲ ਇਸ ਕਰ ਕੇ ਜੁੜਦਾ ਹੈ ਕਿ ਇਸ ਵਿੱਚ ਪੇਸ਼ ਹੋਈਆਂ ਘਟਨਾਵਾਂ ਰਣਜੀਤ ਸਿੰਘ ਅਤੇ ਉਸ ਦੇ ਰਾਜ-ਕਾਲ ਨਾਲ ਸੰਬੰਧਿਤ ਹਨ ਅਤੇ ਰਣਜੀਤ ਸਿੰਘ ਇਸ ਵਿੱਚ ਇੱਕ ਪਾਤਰ ਵਜੋਂ ਕਾਰਜਸ਼ੀਲ ਹੈ। ਪਰੰਤੂ ਇਤਿਹਾਸਕ ਸਥਿਤੀ ਪ੍ਰਤੀ ਨਾਟਕੀ-ਪਹੁੰਚ ਅਤੇ ਕਲਾਤਮਕ ਵਿਵੇਕ ਦੀ ਪੱਧਰ ’ਤੇ ਇਹ ਰਚਨਾ ਆਪਣੀ ਵਿਲੱਖਣਤਾ ਦੀ ਪਹਿਚਾਣ ਕਰਾਉਂਦੀ ਹੈ ਅਤੇ ਕਿਰਪਾ ਸਾਗਰ ਵਿੱਚ ਆਏ ਰਾਜਨੀਤਿਕ ਅਤੇ ਕਲਾਤਮਕ ਵਿਕਾਸ ਦਾ ਬੋਧ ਕਰਾਉਂਦੀ ਹੈ। ਈਸ਼ਰ ਸਿੰਘ ਅਟਾਰੀ ਅਨੁਸਾਰ- ‘‘ਡੀਡੋ ਜੰਮਵਾਲ ਵਿੱਚ ਕਿਰਪਾ ਸਾਗਰ ਡੁੱਗਰ ਜੀ ਜਿੱਤ ਦੇ ਸਾਕੇ ਦੇ ਬਾਹਰੀ ਵਰਣਨ ਦੇ ਟਾਕਰੇ ਤੇ ਡੁੱਗਰ ਦੇ ਵਿਜੇਈਆਂ ਦੇ ਸ਼ਾਨਦਾਰ ਕਾਰਨਾਮੇ ਦੱਸਣ ਦੀ ਥਾਂ ਆਜ਼ਾਦੀ ਖੁਹਾ ਚੁੱਕੇ ਡੁੱਗਰ ਵਾਸੀਆਂ ਦੇ ਮਾਨਸਿਕ, ਸਮਾਜਿਕ ਅਤੇ ਸਦਾਚਾਰਕ ਪਰਿਵਰਤਨਾਂ ਦੇ ਵਿਵੇਚਨ ਵਿੱਚ ਵਧੇਰੇ ਝਾਕ ਸਕਿਆ ਹੈ ਅਤੇ ਉਹ ਵਧੇਰੇ ਕਲਾਕਾਰ ਜਾਂ ਸਾਹਿਤਕਾਰ ਹੋ ਨਿਬੜਿਆ ਹੈ।’’24 ਇਸ ਨਾਟਕ ਦੀ ਉਸਾਰੀ ਦਾ ਆਧਾਰ ਦੋ ਪ੍ਰਮੁੱਖ ਪਾਤਰਾਂ ਰਣਜੀਤ ਸਿੰਘ ਅਤੇ ਡੀਡੋ ਜੰਮਵਾਲ ਦੇ ਦੋ ਵਿਰੋਧੀ ਦ੍ਰਿੜ੍ਹ ਸੰਕਲਪਾਂ ਦਾ ਤਨਾਉ ਹੈ। ਇਸ ਨਾਟਕ ਰਾਹੀਂ ਕਿਰਪਾ ਸਾਗਰ ਇਤਿਹਾਸਕ ਘਟਨਾਵਾਂ ਦੇ ਓਹਲੇ ਰਾਹੀਂ ਵਿਦੇਸ਼ੀ ਗ਼ੁਲਾਮੀ ਦੇ ਵਿਰੁੱਧ ਸੰਘਰਸ਼ ਕਰਨ ਦੀ ਪ੍ਰੇਰਨਾ ਦਿੰਦਾ ਹੈ ਜਿਸ ਦਾ ਤਤਕਾਲੀ ਸਥਿਤੀ ਵਿੱਚ ਆਪਣਾ ਮਹੱਤਵ ਹੈ।

ਕਿਰਪਾ ਸਾਗਰ ਤੋਂ ਬਾਅਦ ਹਰਚਰਨ ਸਿੰਘ ਨੇ 1938 ਈ. ਵਿੱਚ ਆਪਣੇ ਪਹਿਲੇ ਇਤਿਹਾਸਕ ਨਾਟਕ ਰਾਜਾ ਪੋਰਸ ਦੀ ਸਿਰਜਣਾ ਕੀਤੀ। ਨਾਟਕ ਵਿੱਚ ਨਾਟਕਕਾਰ ਪੋਰਸ ਅਤੇ ਉਸ ਦੇ ਪੁੱਤਰ ਦੇ ਇਤਿਹਾਸਕ ਬਿਰਤਾਂਤਾਂ ਦਾ ਨਾਟਕੀਕਰਨ ਕਰਦਾ ਹੋਇਆ ਤੱਤਕਾਲੀਨ ਸਮੇਂ ਵਿੱਚ ਵਿਆਪਕ ਵਿਦੇਸ਼ੀ ਗ਼ੁਲਾਮੀ ਤੋਂ ਆਜ਼ਾਦੀ ਪ੍ਰਾਪਤ ਕਰਨ ਦਾ ਸੰਦੇਸ਼ ਦਿੰਦਾ ਹੈ। ਇਸ ਨਾਟਕ ਦਾ ਰਚਨਾਤਮਕ ਮਹੱਤਵ ਇਸ ਗੱਲ ਵਿੱਚ ਨਹੀਂ ਕਿ ਇਸ ਵਿੱਚ ਰਾਜਾ ਪੋਰਸ ਦਾ ਇਤਿਹਾਸ ਜਾਂ ਬਹਾਦਰੀ ਨੂੰ ਪੇਸ਼ ਕੀਤਾ ਗਿਆ ਹੈ, ਬਲਕਿ ਇਸ ਗੱਲ ਵਿੱਚ ਹੈ ਕਿ ਨਾਟਕਕਾਰ ਨੇ ਇਤਿਹਾਸਕ ਬਿਰਤਾਂਤ ਨੂੰ, ਸਮਕਾਲੀ ਰਾਜਨੀਤਿਕ ਸਥਿਤੀ ਬਦਲਣ ਲਈ, ਨੌਜਵਾਨਾਂ ਨੂੰ ਉਤਸ਼ਾਹਿਤ ਕਰਨ ਲਈ ਇਸ ਜੁਗਤ ਵਜੋਂ ਵਰਤਿਆ ਹੈ। ਨਾਟਕਕਾਰ ਰਾਜ-ਸੱਤਾ ਨੂੰ ਬਦਲਣ ਦਾ ਇਛੁੱਕ ਹੈ। ਅੰਗਰੇਜ਼ ਸਮਾਰਾਜ ਦੀ ਗ਼ੁਲਾਮੀ ਤੋਂ ਦੇਸ਼ ਨੂੰ ਆਜ਼ਾਦ ਕਰਾਉਣ ਲਈ ਯਤਨ ਕਰਨਾ ਅਤੇ ਹੋਰ ਭਾਰਤੀ ਨੌਜਵਾਨਾਂ ਨੂੰ ਦੇਸ਼ਭਗਤੀ ਲਈ ਪ੍ਰੇਰਿਤ ਕਰਨਾ ਇਸ ਨਾਟਕ ਦਾ ਰਚਨਾ-ਮਨੋਰਥ ਹੈ। ਨਾਟਕ ਦੇ ਮੂਲ-ਪਾਠ ਤੋਂ ਪਹਿਲਾਂ ਨਾਟਕਕਾਰ ਭਾਰਤ ਮਾਤਾ ਨੂੰ ਇਸ ਤਰ੍ਹਾਂ ਸੰਬੋਧਨ ਹੁੰਦਾ ਹੈ-

ਹੇ ਭਾਰਤ ਮਾਤਾ! ਮੇਰੀ ਜੀਵਨ ਆਸ਼ਾ ਹੈ ਕਿ ਆਪਣੇ ਨਿੱਕੇ-ਨਿੱਕੇ

ਜੋਸ਼ ਭਰੇ ਹੱਥਾਂ ਨਾਲ ਤੇਰੀਆਂ ਜੰਜ਼ੀਰਾਂ ਦੀ ਕੋਈ ਨਾ ਕੋਈ ਕੜੀ ਤੋੜ

ਸਕਾਂ। ਮਾਤਾ, ਨਾ ਆਪਣੇ ਬੱਚੇ ਕਦੇ ਸ਼ਿੰਗਾਰੀ ਤੇ ਨਾ ਹੀ ਗਹਿਣੇ

ਪਾਏੀੰ, ਕੇਵਲ ਦੇਸ਼ ਨਾਲ ਪਿਆਰ ਕਰਨਾ ਸਿਖਾ ਦੇਏੀੰ।28

ਸਪੱਸ਼ਟ ਹੈ ਨਾਟਕਕਾਰ ਦਾ ਰਚਨਾ ਮਨੋਰਥ ਪੋਰਸ ਦਾ ਇਤਿਹਾਸ ਪੇਸ਼ ਕਰਨਾ ਨਹੀਂ, ਬਲਕਿ ਇਤਿਹਾਸ ਦੇ ਓਹਲੇ ਰਾਹੀਂ ਦੇਸ਼ਭਗਤੀ ਦੇ ਵਿਸ਼ੇ ਨੂੰ ਨਾਟਕੀ ਰੂਪ ਬਖਸ਼ਣਾ ਹੈ।

ਡਾ. ਗੋਪਾਲ ਸਿੰਘ ਦਰਦੀ ਨੇ ਸੰਨ 1941 ਈ. ਵਿੱਚ ਆਪਣੇ ਇਤਿਹਾਸਕ ਨਾਟਕ ਰਾਣੀ ਜਿੰਦਾਂ ਦੀ ਰਚਨਾ ਕੀਤੀ। ਨਾਟਕਕਾਰ ਨੇ ਇਸ ਨਾਟਕ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਲੈ ਕੇ ਰਾਣੀ ਜਿੰਦਾਂ ਦੀ ਮੌਤ ਤੱਕ ਦੇ ਸਮੇਂ ਦੀਆਂ ਇਤਿਹਾਸਕ ਘਟਨਾਵਾਂ ਨੂੰ ਪੇਸ਼ ਕੀਤਾ ਹੈ। ਇਸ ਨਾਟਕ ਵਿੱਚ ਸਿੱਖ ਦਰਬਾਰ ਵਿੱਚ ਵਾਪਰੀ ਕਤਲੋਗਰਤ, ਸਿੱਖ ਜਰਨੈਲਾਂ ਦੀ ਗ਼ਦਾਰੀ, ਅੰਗਰੇਜ਼ਾਂ ਦਾ ਪੰਜਾਬ ਉੱਪਰ ਕਬਜ਼ਾ, ਦਲੀਪ ਸਿੰਘ ਦੀ ਜਲਾਵਤਨੀ ਆਦਿ ਘਟਨਾਵਾਂ ਦਾ ਨਾਟਕੀ ਰੂਪਾਂਤਰਣ ਕੀਤਾ ਗਿਆ ਹੈ। ਇਹ ਨਾਟਕ ਇਤਿਹਾਸਕ ਵਿਅਕਤੀਆਂ ਨੂੰ ਸਾਧਾਰਣ ਰੂਪ ਵਿੱਚ ਪੇਸ਼ ਕਰ ਕੇ ਜ਼ਿੰਦਗੀ ਦੇ ਯਥਾਰਥ ਦਾ ਬੋਧ ਕਰਾਉਣ ਦਾ ਯਤਨ ਹੈ। ਭਾਵੇਂ ਇਹ ਨਾਟਕ ਇੱਕ ਇਤਿਹਾਸਕ ਨਾਟਕ ਹੈ ਪਰ ਲੇਖਕ ਦਾ ਮਨੋਰਥ ਸਿੱਖ ਰਾਜ ਜਾਣ 'ਤੇ ਠੀਕ-ਠੀਕ ਹਾਲਾਤ ਬਿਆਨ ਕਰਨਾ ਸਿੱਖਾਂ ਜਾਂ ਅੰਗਰੇਜ਼ਾਂ ਦੀ ਬਹਾਦਰੀ ਦਰਸਾਣ ਜਾਂ ਰਾਣੀ ਜਿੰਦਾਂ ਦੀ ਕਥਾ ਬਿਆਨ ਕਰਨ ਦਾ ਨਹੀਂ, ਮਨੋਰਥ ਕੇਵਲ ਨਾਟਕ ਪੜ੍ਹਨ ਤੇ ਦੇਖਣ ਵਾਲਿਆਂ ਨੂੰ ਸੁਹਜ-ਸੁਆਦ ਦੇਣ ਤੇ ਮਨੁੱਖੀ ਮਨ ਦੇ ਜਜ਼ਬੇ ਪੇਸ਼ ਕਰਨਾ ਹੈ।26 ਸਪੱਸ਼ਟ ਹੈ ਕਿ ਨਾਟਕਕਾਰ ਦੀ ਵਫ਼ਾਦਾਰੀ ਇਤਿਹਾਸਕ ਘਟਨਾਵਾਂ ਦੀ ਪ੍ਰਮਾਣਿਕ ਪੇਸ਼ਕਾਰੀ ਨਾਲੋਂ ਦਰਸ਼ਕਾਂ/ਪਾਠਕਾਂ ਦੇ ਸੁਹਜ-ਸੁਆਦ ਪ੍ਰਤਿ ਵਧੇਰੇ ਹੈ।

(ਅ) 1948 ਤੋਂ 1965 ਤੱਕ ਦਾ ਪੰਜਾਬੀ ਇਤਿਹਾਸਕ ਨਾਟਕ

ਆਜ਼ਾਦੀ ਦੀ ਪ੍ਰਾਪਤੀ ਲਈ ਸਮੂਹ ਭਾਰਤੀਆਂ ਨੂੰ ਇਕ ਲੰਮਾਂ ਸੰਘਰਸ਼ ਕਰਨਾ ਪਿਆ ਅਤੇ ਇਸ ਲੰਮੇਂ ਸੰਘਰਸ਼ ਦੀ ਬਦੌਲਤ 15 ਅਗਸਤ 1947 ਈ. ਨੂੰ ਦੇਸ਼ ਆਜ਼ਾਦ ਹੋ ਗਿਆ। ਬੰਗਾਲ ਅਤੇ ਪੰਜਾਬ ਦੀ ਵੰਡ ਕਰਕੇ ਇੱਕ ਨਵਾਂ ਦੇਸ਼ ਪਾਕਿਸਤਾਨ ਸਥਾਪਿਤ ਕਰ ਦਿੱਤਾ ਗਿਆ। ਭਾਰਤ ਵਿੱਚ ਦੇਸ਼ ਦੀ ਆਜ਼ਾਦੀ ਉਪਰੰਤ ਰਾਜ ਸੱਤਾ ਉੱਪਰ ਪੂੰਜੀਵਾਦੀਆਂ ਦਾ ਕਬਜਾ ਹੋ ਗਿਆ ਅਤੇ ਪ੍ਰਗਤੀਵਾਦੀ ਸ਼ਕਤੀਆਂ ਦਾ ਕਲਪਿਆ ਸਮਾਜਵਾਦੀ ਸਮਾਜ ਦਾ ਸੁਫ਼ਨਾ ਖੇਰੂੰ-ਖੇਰੂੰ ਹੋ ਗਿਆ। ਇਸ ਸਥਿਤੀ ਤੋਂ ਪ੍ਰਭਾਵਿਤ ਹੋ ਕੇ ਪ੍ਰਗਤੀਵਾਦੀ ਸਾਹਿਤਕ ਅੰਦੋਲਨ ਵੀ ਇੱਕ ਨਵੇਂ ਰੂਪ ਵਿੱਚ ਉਜਾਗਰ ਹੁੰਦਾ ਹੈ। ਜਿੱਥੇ ਪ੍ਰਗਤੀਵਾਦੀ ਸਾਹਿਤਕ ਅੰਦੋਲਨ ਨੇ ਸਾਹਿਤ ਦੇ ਦੂਜੇ ਰੂਪਾਂ ਉੱਤੇ ਆਪਣਾ ਪ੍ਰਭਾਵ ਪਾਇਆ ਉੱਥੇ ਇਸ ਨੇ ਪੰਜਾਬੀ ਨਾਟਕ ਨੂੰ ਵੀ ਪੂਰੀ ਤਰ੍ਹਾਂ ਪ੍ਰਭਾਵਿਤ ਕੀਤਾ। ਇਸ ਪ੍ਰਭਾਵ ਕਾਰਨ ਹੀ ਇਸ ਸਮੇਂ ਵਿੱਚ

**International Research Journal of Humanities, Language and Literature**
**Vol. 2, Issue 12, Dec 2015 IF- 2.255 ISSN: (2394-1642)**
**© Associated Asia Research Foundation (AARF)**
**Website: www.aarf.asia Email : editor@aarf.asia , editoraarf@gmail.com**

ਲਿਖੇ ਗਏ ਕੁਝ ਇਤਿਹਾਸਕ ਨਾਟਕਾਂ ਵਿੱਚ ਇਤਿਹਾਸਕ ਘਟਨਾਵਾਂ ਨੂੰ ਸਮਾਜਵਾਦੀ ਦ੍ਰਿਸ਼ਟੀਕੋਣ ਤੋਂ ਨਾਟਕੀ-ਸੰਦਰਭ ਵਿੱਚ ਪੇਸ਼ ਕਰਨ ਦਾ ਯਤਨ ਕੀਤਾ ਗਿਆ।

ਆਜ਼ਾਦੀ ਤੋਂ ਬਾਅਦ ਸਾਰੇ ਭਾਰਤ ਦੀ ਵੰਡ, ਭਾਸ਼ਾ ਦੇ ਆਧਾਰ 'ਤੇ ਸੂਬਿਆਂ ਵਿੱਚ ਕਰ ਦਿੱਤੀ ਗਈ, ਪਰੰਤੂ ਪੰਜਾਬੀ ਭਾਸ਼ਾ ਦੇ ਆਧਾਰ ਉੱਪਰ ਪੰਜਾਬੀ ਸੂਬੇ ਦੀ ਸਥਾਪਨਾ ਨਾ ਕੀਤੀ ਗਈ। ਸਿੱਖਾਂ ਵੱਲੋਂ ਕੇਂਦਰੀ ਸਰਕਾਰ ਦੀ ਇਸ ਨੀਤੀ ਦਾ ਵਿਰੋਧ ਕੀਤਾ ਗਿਆ। ਅਕਾਲੀ ਦਲ ਨੇ ਕਾਂਗਰਸ ਪਾਰਟੀ ਵੱਲੋਂ ਸਿੱਖਾਂ ਨਾਲ ਆਜ਼ਾਦੀ ਤੋਂ ਪਹਿਲਾਂ ਕੀਤੇ ਰਾਜਨੀਤਿਕ ਵਾਅਦੇ ਪੂਰੇ ਕਰਨ ਲਈ ਅਤੇ ਆਪਣੀ ਧਾਰਮਿਕ, ਸਭਿਆਚਾਰਕ ਹੋਂਦ ਨੂੰ ਕਾਇਮ ਰੱਖਣ ਲਈ ਦੇਸ਼ ਦੇ ਹੋਰ ਭਾਸ਼ਾਈ ਸੂਬਿਆਂ ਵਾਂਗ ਦੇਸ਼ ਦੀ ਉੱਤਰ-ਪੱਛਮੀ ਸਰਹੱਦ ਉੱਪਰ ਪੰਜਾਬੀ ਸੂਬਾ ਸਥਾਪਿਤ ਕਰਨ ਦੀ ਮੰਗ ਕੀਤੀ ਪਰੰਤੂ ਕਾਂਗਰਸ ਅਤੇ ਕੱਟੜ ਹਿੰਦੂ ਸੰਗਠਨਾਂ ਨੇ ਸਿੱਖਾਂ ਦੀ ਇਸ ਸੰਵਿਧਾਨਕ ਮੰਗ ਨੂੰ 'ਫ਼ਿਰਕੂ ਕਹਿ ਕੇ' ਇਸ ਦਾ ਵਿਰੋਧ ਕੀਤਾ। ਅਕਾਲੀ ਦਲ ਵੱਲੋਂ ਪੰਜਾਬੀ ਸੂਬੇ ਦਾ ਮੋਰਚਾ ਆਰੰਭ ਕਰ ਦਿੱਤਾ ਗਿਆ। ਕਾਂਗਰਸ ਸਰਕਾਰ ਨੇ ਇਸ ਮੋਰਚੇ ਨੂੰ ਅਸਫ਼ਲ ਬਣਾਉਣ ਲਈ ਹਰ ਵਿੱਧੀ ਅਤੇ ਯਤਨ ਨੂੰ ਵਰਤਿਆ। ਇਸ ਤਰ੍ਹਾਂ ਇਹ ਸੰਘਰਸ਼ ਅਤੇ ਦਮਨ ਦਾ ਦੌਰ 1966 ਈ. ਤੱਕ ਚਲਦਾ ਰਿਹਾ। ਪੰਜਾਬੀਆਂ ਅਤੇ ਸਿੱਖਾਂ ਵਿੱਚ ਅਜਿਹੀ ਰਾਜਨੀਤਕ ਸਥਿਤੀ ਤੋਂ ਪੈਦਾ ਹੋਈ ਮਾਨਸਿਕ ਉਪਰਾਮਤਾ ਅਤੇ ਨਿਰਾਸਤਾ ਦਾ ਪ੍ਰਭਾਵ ਪੰਜਾਬੀ ਇਤਿਹਾਸਕ ਨਾਟਕਾਂ ਉੱਪਰ ਪਿਆ ਪ੍ਰਤੀਤ ਹੁੰਦਾ ਹੈ। ਇਸ ਸਮੇਂ ਕੁੱਝ ਨਾਟਕਕਾਰ, ਸਿੱਖ ਰਾਜ ਦੇ ਸਮੇਂ ਦੀਆਂ ਘਟਨਾਵਾਂ ਉੱਪਰ ਆਧਾਰਿਤ ਇਤਿਹਾਸਕ ਨਾਟਕਾਂ ਦੀ ਸਿਰਜਣਾ ਕਰਦੇ ਹਨ। ਇਹ ਨਾਟਕ ਸਮਕਾਲੀ ਰਾਜਨੀਤਿਕ ਸਥਿਤੀ ਤੋਂ ਪੈਦਾ ਹੁੰਦੀ ਮਾਨਸਿਕ ਉਪਰਾਮਤਾ ਅਤੇ ਉਦਾਸੀਨਤਾ ਕਾਰਨ ਸਿੱਖ ਰਾਜ ਦੀ ਵੇਦਨਾਮਈ ਸੁਰ ਨੂੰ ਉਜਾਗਰ ਕਰਦੇ ਹਨ। ਇਸ ਤਰ੍ਹਾਂ ਇਸ ਕਾਲ ਵਿੱਚ ਲਿਖਿਆ ਗਿਆ ਪੰਜਾਬੀ ਇਤਿਹਾਸਕ ਨਾਟਕ ਇਨ੍ਹਾਂ ਰਾਜਨੀਤਿਕ ਸਮਾਜਿਕ ਸਥਿਤੀਆਂ ਦੇ ਸੰਦਰਭ ਵਿੱਚ ਪੇਸ਼ ਹੁੰਦਾ ਹੈ।

ਸ.ਸ. ਅਮੋਲ ਦਾ ਨਾਟਕ ਜੱਸਾ ਸਿੰਘ ਆਹਲੂਵਾਲੀਆ ਜੋ ਕਿ 1949 ਈ. ਨੂੰ ਰਚਿਆ ਗਿਆ ਵੀ ਇੱਕ ਅਜਿਹੀ ਹੀ ਨਾਟ-ਕ੍ਰਿਤ ਹੈ ਜੋ ਕਿ ਪੰਜਾਬ ਦੀ ਇਤਿਹਾਸਕ ਰਾਜਨੀਤਕ ਸਥਿਤੀ ਨੂੰ ਪੇਸ਼ ਕਰਦੀ ਹੈ। ਨਾਟਕਕਾਰ ਇਸ ਨਾਟਕ ਰਾਹੀਂ ਪੰਜਾਬ ਦੀ ਇਤਿਹਾਸਕ ਸਥਿਤੀ ਨੂੰ ਜੱਸਾ ਸਿੰਘ ਆਹਲੂਵਾਲੀਆ ਦੇ ਸੰਦਰਭ ਵਿੱਚ ਪੇਸ਼ ਕਰਦਾ ਹੈ। ਬੇਸ਼ਕ ਇਹ ਨਾਟਕ ਪੰਜਾਬ ਦੀ ਇਤਿਹਾਸਕ ਸਥਿਤੀ ਅਤੇ ਜੱਸਾ ਸਿੰਘ ਆਹਲੂਵਾਲੀਏ ਦੇ ਨਾਇਕਤਵ ਨੂੰ ਉਭਾਰਣ ਲਈ ਯਤਨਸ਼ੀਲ ਹੈ ਪਰੰਤੂ ਇਸ ਦੀ ਘਟਨਾਤਮਕ ਸਿਰਜਣਾ ਅਤੇ ਨਾਟਕੀ-ਸੰਗਠਨ, ਸ਼ੈਕਸਪੀਅਰ ਦੇ ਨਾਟਕ ਜੂਲੀਅਸ ਸੀਜ਼ਰ ਉੱਪਰ ਆਧਾਰਿਤ ਹੈ।28 ਨਾਟਕ ਵਿੱਚ ਜੱਸਾ ਸਿੰਘ ਆਹਲੂਵਾਲੀਆ ਨਾਲ ਸੰਬੰਧਿਤ ਸਾਰੀਆਂ ਇਤਿਹਾਸਕ ਘਟਨਾਵਾਂ ਨੂੰ ਪੇਸ਼ ਨਹੀਂ ਕੀਤਾ ਗਿਆ ਸਗੋਂ ਕੁਝ ਘਟਨਾਵਾਂ ਦੀ ਚੋਣ ਕਰ ਕੇ ਉਸ ਨੂੰ ਨਾਟਕੀ-ਸੰਦਰਭ ਵਿੱਚ ਪੇਸ਼ ਕੀਤਾ ਗਿਆ ਹੈ। ਨਾਟਕੀ ਸਿਰਜਣਾ ਲਈ ਕੁਝ ਕਾਲਪਨਿਕ ਘਟਨਾਵਾਂ ਵੀ ਇਸ ਵਿੱਚ ਸ਼ਾਮਿਲ ਕਰ ਲਈਆਂ ਗਈਆਂ ਹਨ। ਇਹ ਕਾਲਪਨਿਕ ਘਟਨਾਵਾਂ ਕਿਤੇ ਵੀ ਇਤਿਹਾਸ-ਵਿਰੋਧੀ ਦ੍ਰਿਸ਼ਟੀਕੋਣ ਨੂੰ ਪੇਸ਼ ਨਹੀਂ ਕਰਦੀਆਂ। ਜੱਸਾ ਸਿੰਘ ਆਹਲੂਵਾਲੀਏ ਦੇ ਜੀਵਨ

**International Research Journal of Humanities, Language and Literature**
**Vol. 2, Issue 12, Dec 2015 IF- 2.255 ISSN: (2394-1642)**
**© Associated Asia Research Foundation (AARF)**
**Website: www.aarf.asia Email : editor@aarf.asia , editoraarf@gmail.com**

ਨਾਲ ਸੰਬੰਧਿਤ ਬਹੁਤ ਸਾਰੀਆਂ ਘਟਨਾਵਾਂ ਨਾਟਕਕਾਰ ਨੇ ਜੱਸਾ ਸਿੰਘ ਰਾਮਗੜ੍ਹੀਆ ਦੀ ਜ਼ੁਬਾਨੀ ਪੇਸ਼ ਕਰਵਾ ਦਿੱਤੀਆਂ ਹਨ। ਇਸ ਤਰ੍ਹਾਂ ਨਾਟਕ ਇੱਕ ਨਿਸ਼ਚਿਤ ਸੀਮਾ ਵਿੱਚ ਵੀ ਰਹਿੰਦਾ ਹੈ ਅਤੇ ਆਹਲੂਵਾਲੀਏ ਦਾ ਇਤਿਹਾਸਕ ਨਾਟਕੀ-ਬਿੰਬ ਵੀ ਪੇਸ਼ ਕਰ ਦਿੰਦਾ ਹੈ।

ਤ੍ਰਿਲੋਚਨ ਸਿੰਘ ਗਿੱਲ ਦਾ ਨਾਟਕ ਅਸ਼ੋਕ ਜੋ ਕਿ 1952 ਈ. ਨੂੰ ਰਚਿਆ ਗਿਆ, ਸਮਰਾਟ ਅਸ਼ੋਕ ਦੇ ਜੀਵਨ ਦੀਆਂ ਮਹੱਤਵਪੂਰਨ, ਧਾਰਮਿਕ ਘਟਨਾਵਾਂ ਉੱਪਰ ਆਧਾਰਿਤ ਹੈ ਪਰੰਤੂ ਨਾਟਕਕਾਰ ਵਸਤੂ-ਸਾਮਗਰੀ ਦੀ ਚੋਣ, ਅਸ਼ੋਕ ਅਤੇ ਉਸ ਦੇ ਰਾਜ-ਕਾਲ ਵਿਚਲੀਆਂ ਘਟਨਾਵਾਂ ਨਾਲ ਸੰਬੰਧਿਤ ਇਤਿਹਾਸ ਦੀਆਂ ਪੁਸਤਕਾਂ ਵਿੱਚੋਂ ਨਹੀਂ ਕਰਦਾ। ਕੁਝ ਘਟਨਾਵਾਂ ਦੀ ਚੋਣ ਅਸ਼ੋਕ ਬਾਰੇ ਮਰਾਠੀ ਭਾਸ਼ਾ ਵਿੱਚ ਲਿਖੇ ਗਏ ਨਾਵਲ ਸਮਰਾਟ ਅਸ਼ੋਕ ਅਤੇ ਕੁਝ ਇੱਕ ਦੀ ਚੋਣ ਅਸ਼ੋਕ ਦੇ ਸ਼ਿਲਾਲੇਖਾਂ ਤੋਂ ਪ੍ਰਾਪਤ ਜਾਣਕਾਰੀ ਤੋਂ ਕੀਤੀ ਗਈ ਹੈ। ਨਾਟਕਕਾਰ ਨੇ ਇਨ੍ਹਾਂ ਸ੍ਰੋਤਾਂ ਦਾ ਵੀ ਇਨ੍ਹਾਂ ਦੇ ਮੂਲ ਰੂਪ ਵਿੱਚ ਅਧਿਐਨ ਨਹੀਂ ਕੀਤਾ। ਨਾਟਕਕਾਰ ਨੇ ਮਰਾਠੀ ਭਾਸ਼ਾ ਵਿੱਚ ਲਿਖੇ ਗਏ ਨਾਵਲ ਦੇ ਹਿੰਦੀ ਅਨੁਵਾਦ ਦਾ ਅਤੇ ਪਾਲੀ ਭਾਸ਼ਾ ਵਿੱਚ ਲਿਖੇ ਗਏ ਸ਼ਿਲਾਲੇਖ ਦੇ ਹਿੰਦੀ ਅਨੁਵਾਦ ਦਾ ਅਧਿਐਨ ਕੀਤਾ ਹੈ।29 ਇਸ ਤਰ੍ਹਾਂ ਨਾਟਕਕਾਰ ਇਤਿਹਾਸਕ ਸਾਮਗਰੀ ਦੀ ਚੋਣ ਦੁਜੈਲੇ ਸਾਧਨਾਂ ਤੋਂ ਪ੍ਰਾਪਤ ਕਰਦਾ ਹੈ। ਨਾਟਕ ਵਿੱਚ ਇਤਿਹਾਸਕ ਘਟਨਾਵਾਂ ਨੂੰ ਇਸ ਤਰ੍ਹਾਂ ਪੇਸ਼ ਕੀਤਾ ਗਿਆ ਹੈ ਕਿ ਘਟਨਾਵਾਂ ਆਪਣਾ ਸੰਪੂਰਨ ਇਤਿਹਾਸਕ ਬਿੰਬ ਵੀ ਉਜਾਗਰ ਕਰ ਲੈਂਦੀਆਂ ਹਨ ਅਤੇ ਸਾਧਾਰਨ ਰੰਗਮੰਚ ਦੀਆਂ ਸੀਮਾਵਾਂ ਵਿੱਚ ਵੀ ਰਹਿੰਦੀਆਂ ਹਨ।

ਸੰਤ ਸਿੰਘ ਸੇਖੋਂ ਦਾ ਨਾਟਕ ਵਾਰਿਸ ਜੋ ਕਿ 1954 ਈ. ਨੂੰ ਰਚਿਆ ਗਿਆ ਜੋ ਕਿ ਨਿਰੋਲ ਇਤਿਹਾਸਕ ਨਾਟਕ ਹੋਣ ਦੀ ਉਪਾਧੀ ਰੱਖਦਾ ਹੈ। ਨਾਟਕਕਾਰ ਆਪਣੇ ਨਾਟਕ ਵਾਰਿਸ ਵਿੱਚ ਵਾਰਿਸ ਅਤੇ ਭਾਗਭਰੀ ਦੇ ਪਾਤਰਾਂ ਨੂੰ ਕੇਵਲ ਉਨ੍ਹਾਂ ਦੀ ਪ੍ਰੇਮ-ਕਹਾਣੀ ਦੀ ਪੁਨਰ-ਸਿਰਜਣਾ ਲਈ ਪੇਸ਼ ਨਹੀਂ ਕਰਦਾ, ਬਲਕਿ ਉਨ੍ਹਾਂ ਦੀ ਪ੍ਰੇਮ-ਕਹਾਣੀ ਰਾਹੀਂ ਉਨ੍ਹਾਂ ਦੀ ਸਮਕਾਲੀ ਰਾਜਨੀਤਿਕ, ਸਮਾਜਿਕ ਸਥਿਤੀ ਨੂੰ ਪੇਸ਼ ਕਰਦਾ ਹੈ। ਨਾਟਕਕਾਰ ਸੇਖੋਂ ਵਾਰਿਸ ਅਤੇ ਭਾਗਭਰੀ ਦੇ ਸੰਦਰਭ ਵਿੱਚ ਉਸ ਸਮੇਂ ਦੀ ਸਮਾਜਿਕ, ਰਾਜਨੀਤਿਕ ਸਥਿਤੀ ਨੂੰ ਉਭਾਰਦਾ ਹੈ। ਨਾਟਕਕਾਰ ਦਾ ਇਸ ਨਾਟਕ ਬਾਰੇ ਆਪਣਾ ਵਿਚਾਰ ਹੈ- “ ਮੈ ਵਾਰਿਸ ਅਤੇ ਭਾਗਭਰੀ ਦੇ ਪ੍ਰੇਮ ਨੂੰ ਉਸ ਸਮੇਂ ਵਿੱਚ ਜੋ ਸਮਾਜਿਕ ਤੇ ਰਾਜਸੀ ਪਰਿਵਰਤਨ ਹੋ ਰਿਹਾ ਸੀ, ਉਸ ਦੇ ਚੌਖਟੇ ਵਿੱਚ ਰੱਖਿਆ ਹੈ।”30 ਨਾਟਕਕਾਰ ਨਾਟਕ ਦੀ ਸਾਮਗਰੀ ਦੇ ਸ੍ਰੋਤਾਂ ਬਾਰੇ ਕੋਈ ਜਾਣਕਾਰੀ ਨਹੀਂ ਦਿੰਦਾ। ਨਾਟਕ ਵਿਚਲੀਆਂ ਘਟਨਾਵਾਂ, ਅਹਿਮਦਸ਼ਾਹ ਅਬਦਾਲੀ ਦੇ ਭਾਰਤ ਉੱਪਰ ਤੀਸਰੇ ਹਮਲੇ ਅਤੇ ਉਸ ਤੋਂ ਬਾਅਦ ਦੇ ਸਮੇਂ ਨਾਲ ਸੰਬੰਧਿਤ ਹਨ। ਨਾਟਕ ਵਿੱਚ ਦੋ ਸਮਾਨਾਂਤਰ ਸਥਿਤੀਆਂ ਦੀ ਸਿਰਜਣਾ ਕੀਤੀ ਗਈ ਹੈ। ਇਹ ਹਨ ਵਾਰਿਸ ਅਤੇ ਭਾਗਭਰੀ ਦੀ ਪ੍ਰੇਮ ਕਹਾਣੀ ਅਤੇ ਇਸ ਸਮੇਂ ਵਿੱਚ ਸਿੱਖ ਸੰਘਰਸ਼ ਦੀ ਪੇਸ਼ਕਾਰੀ। ਨਾਟਕ ਵਿੱਚ ਇਤਿਹਾਸਕ ਅਤੇ ਕਾਲਪਨਿਕ ਪਾਤਰਾਂ ਦੀ ਸਿਰਜਣਾ ਕੀਤੀ ਗਈ ਹੈ। ਮੀਰ ਮੰਨੂੰ, ਦੀਵਾਨ ਕੌੜਾ ਮੱਲ, ਜਥੇਦਾਰ ਸੰਗਤ ਸਿੰਘ, ਸੁੱਖਾ ਸਿੰਘ ਆਦਿ ਇਤਿਹਾਸਕ ਪਾਤਰ ਹਨ। ਇਸ ਤੋਂ ਇਲਾਵਾ ਵਾਰਿਸ ਸਾਹਿਤਕ ਇਤਿਹਾਸਕ ਪਾਤਰ ਹੈ। ਨਾਟਕ ਦੀ ਭਾਸ਼ਾ ਬੇਸ਼ਕ ਪਾਤਰਾਂ ਦੀ ਵਿਅਕਤੀਗਤ ਵਿਲੱਖਣਤਾ ਦਾ ਆਧਾਰ ਬਣਨ ਦੇ ਸਮਰੱਥ ਨਹੀਂ, ਪਰ ਤੀਖਣ ਨਾਟਕੀ - ਤਨਾਉ ਅਤੇ ਸਥਿਤੀ ਦੇ ਵਿਅੰਗ ਨੂੰ ਉਭਾਰਦੀ ਹੈ।

International Research Journal of Humanities, Language and Literature
Vol. 2, Issue 12, Dec 2015 IF- 2.255 ISSN: (2394-1642)
© Associated Asia Research Foundation (AARF)
Website: www.aarf.asia Email : editor@aarf.asia , editoraarf@gmail.com

ਸੰਤ ਸਿੰਘ ਸੇਖੋਂ ਦਾ ਦੂਸਰਾ ਇਤਿਹਾਸਕ ਨਾਟਕ ਮੋਇਆ ਸਾਰ ਨ ਕਾਈ (1955) ਮਹਾਰਾਜਾ ਦਲੀਪ ਸਿੰਘ ਦੇ ਈਸਾਈ ਧਰਮ ਗ੍ਰਹਿਣ ਕਰਨ ਤੋਂ ਲੈ ਕੇ ਉਸ ਦੀ ਮੌਤ ਤੱਕ ਦੀਆਂ ਘਟਨਾਵਾਂ ਨੂੰ ਨਾਟਕੀ ਸੰਦਰਭ ਵਿੱਚ ਪੇਸ਼ ਕਰਦਾ ਹੈ। ਨਾਟਕਕਾਰ ਦਲੀਪ ਸਿੰਘ ਪ੍ਰਤਿ ਆਪਣੀ ਸੋਚ ਬਾਰੇ ਦੱਸਦਾ ਹੈ ਕਿ ''ਮੈਨੂੰ ਸਿੱਖਾਂ ਦੇ ਮਹਾਰਾਜਾ ਦਲੀਪ ਸਿੰਘ ਨਾਲ ਸਦਾ ਇੱਕ ਉਪਭਾਵੁਕਤਾ ਦਿੱਸੀ ਹੈ। ਮੈਨੂੰ ਦਲੀਪ ਸਿੰਘ ਦੀ ਪਹਿਲੀ ਉਮਰ ਵਿੱਚ ਹੀ ਹਮਦਰਦੀ ਰਹੀ ਹੈ। ਪਿਛਲੀ ਉਮਰ ਵਿੱਚ ਉਸ ਦਾ ਅੰਗਰੇਜ਼ੀ ਸਾਮਰਾਜ ਤੋਂ ਨਿਸਭ੍ਰਾਂਤ ਹੋ ਜਾਣਾ ਮੇਰੀ ਅਣਖ ਨੂੰ ਟੁੰਬਦਾ ਸੀ।31 ਨਾਟਕਕਾਰ ਨੇ ਸਾਰੇ ਨਾਟਕੀ ਕਥਾਨਕ ਨੂੰ ਅੱਠ ਅੰਕਾਂ ਵਿੱਚ ਵੰਡਿਆ ਹੈ। ''ਨਾਟਕ ਵਿਚਲਾ ਇਤਿਹਾਸਕ ਪ੍ਰਸੰਗ ਮਹਾਰਾਜਾ ਦਲੀਪ ਸਿੰਘ ਦੀ ਸਥਿਤੀ ਅਨੁਸਾਰ ਅੱਗੇ ਵਧਦਾ ਹੈ। ਇਹੋ ਕਾਰਨ ਹੈ ਕਿ ਦਲੀਪ ਸਿੰਘ ਦੀ ਵਸਤੂ-ਸਥਿਤੀ ਅਤੇ ਮਾਨਸਿਕ-ਸਥਿਤੀ ਇਤਿਹਾਸਕ ਸਥਿਤੀ ਦਾ ਅੰਗ ਬਣ ਗਈਆਂ ਹਨ।''32 ਸਾਰੀ ਨਾਟਕੀ-ਸੰਰਚਨਾ ਦਲੀਪ ਸਿੰਘ ਅਤੇ ਸਿੱਖ ਸਰਦਾਰਾਂ ਵਿਚਲੀ ਵਿੱਥ ਉੱਪਰ ਉਸਾਰੀ ਹੋਈ ਹੈ। ਇਤਿਹਾਸਕ ਚੇਤਨਾ ਦੇ ਪੱਖ ਤੋਂ ਇਹ ਨਾਟਕ ਬੇਸ਼ਕ ਸਿੱਖ ਰਾਜ ਦੀ ਵੇਦਨਾ ਦਾ ਨਾਟਕ ਪ੍ਰਤੀਤ ਹੁੰਦਾ ਹੈ, ਪਰੰਤੂ ਇਸ ਦਾ ਮਹੱਤਵ ਇਸ ਗੱਲ ਵਿੱਚ ਵੀ ਹੈ ਕਿ ਪੰਜਾਬੀ ਦਾ ਪਹਿਲਾ ਇਤਿਹਾਸਕ ਨਾਟਕ ਹੈ, ਜਿਸ ਵਿੱਚ ਇਤਿਹਾਸਕ ਸਥਿਤੀਆਂ ਨੂੰ ਸੰਪ੍ਰਦਾਇਕ ਮੋਹ-ਬਿਰਤੀ ਤੋਂ ਉੱਪਰ ਉਠਾ ਕੇ ਤਰਕਸ਼ੀਲ ਦ੍ਰਿਸ਼ਟੀ ਤੋਂ ਪੇਸ਼ ਕੀਤਾ ਗਿਆ ਹੈ।

ਬੇੜਾ ਬੰਧਿ ਨ ਸਕਿਓ ਸੰਤ ਸਿੰਘ ਸੇਖੋਂ ਦਾ ਇੱਕ ਹੋਰ ਇਤਿਹਾਸਕ ਨਾਟਕ ਹੈ। ਇਹ ਨਾਟਕ ਮੋਇਆ ਸਾਰ ਨ ਕਾਈ ਤੋਂ ਬਾਅਦ ਲਿਖਿਆ ਗਿਆ ਹੈ ਪਰ ਇਸ ਵਿੱਚ ਪੇਸ਼ ਘਟਨਾਵਾਂ ਮੋਇਆਂ ਸਾਰ ਨ ਕਾਈ ਵਿਚਲੇ ਇਤਿਹਾਸਕ ਪ੍ਰਕਰਣ ਤੋਂ ਪੂਰਬਲੇ ਕਾਲ ਨਾਲ ਸੰਬੰਧਿਤ ਹਨ। ਇਸ ਨਾਟਕ ਵਿੱਚ ਨਾਟਕਕਾਰ ਕੰਵਰ ਨੌਨਿਹਾਲ ਸਿੰਘ ਦੀ ਮੌਤ ਤੋਂ ਲੈ ਕੇ ਦਲੀਪ ਸਿੰਘ ਦੀ ਤਾਜ-ਪੋਸ਼ੀ ਤੱਕ ਦੀਆਂ ਇਤਿਹਾਸਕ ਘਟਨਾਵਾਂ ਨੂੰ ਅਪਣਾਉਂਦਾ ਹੈ। ਨਾਟਕਕਾਰ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਕਿਧਰੇ ਵੀ ਇਤਿਹਾਸਕ ਸਮਗਰੀ ਦੇ ਸ੍ਰੋਤਾਂ ਬਾਰੇ ਸੰਕੇਤ ਨਹੀਂ ਕਰਦਾ। ਨਾਟਕ ਵਿੱਚ ਸੇਖੋਂ ਮਹਾਰਾਜਾ ਰਣਜੀਤ ਸਿੰਘ ਦੇ ਉੱਤਰਾਧਿਕਾਰੀਆਂ ਦੀ ਸਿੱਖ ਰਾਜ ਨੂੰ ਨਾ ਸਾਂਭ ਸਕਣ ਦੀ ਅਯੋਗਤਾ ਨੂੰ ਪੇਸ਼ ਕਰਦਾ ਹੈ। ਸਿੱਖ ਰਾਜ ਦੇ ਵਾਰਿਸ ਕਿੰਨ੍ਹਾਂ ਕਾਰਨਾਂ ਕਰ ਕੇ ਰਾਜ ਦੀ ਸੰਕਟਮਈ ਸਥਿਤੀ ਉੱਪਰ ਕਾਬੂ ਨਾ ਪਾ ਸਕੇ ਇਨ੍ਹਾਂ ਉੱਪਰ ਸੰਪ੍ਰਦਾਇਕ ਮੋਹ-ਬਿਰਤੀ ਤੋਂ ਉੱਪਰ ਉੱਠ ਕੇ ਤਾਰਕਿਕ ਆਧਾਰ ਨੂੰ ਪੇਸ਼ ਕਰਦਾ ਹੈ। ਨਾਟਕੀ-ਕਥਾਨਕ ਦੀਆਂ ਘਟਨਾਵਾਂ, ਇਤਿਹਾਸਕ ਪ੍ਰਕਰਣ ਅਨੁਸਾਰ ਹੀ ਚੱਲਦੀਆਂ ਹਨ। ਨਾਟਕਕਾਰ ਦੀ ਵਿਸ਼ੇ ਅਤੇ ਇਤਿਹਾਸਕ ਦ੍ਰਿਸ਼ਟੀ ਪ੍ਰਤੀ ਅਤਿ-ਚੇਤਨਾ ਕਾਰਨ ਘਟਨਾਵਾਂ ਦੀਆਂ ਨਾਟਕੀ ਲੋੜਾਂ ਅਨੁਸਾਰ ਢਾਲਣ ਦਾ ਯਤਨ ਹੈ ਅਤੇ ਸੰਵਾਦ-ਵਿਧੀ ਨੂੰ ਨਾਟ-ਵਿਧੀ ਦੇ ਵਿਕਲਪ ਵਜੋਂ ਗ੍ਰਹਿਣ ਕਰਦਾ ਪ੍ਰਤੀਤ ਹੁੰਦਾ ਹੈ।

ਰੌਸ਼ਨ ਲਾਲ ਆਹੂਜਾ ਦਾ ਨਾਟਕ ਕਲਿੰਗਾ ਦਾ ਦੁਖਾਂਤ ਅਸ਼ੋਕ ਦੇ ਜੀਵਨ ਦੀ ਮਹੱਤਵਪੂਰਨ ਘਟਨਾ ਕਲਿੰਗਾਂ ਦੀ ਲੜਾਈ ਦੇ ਕਾਰਨਾਂ, ਨਤੀਜਿਆਂ ਅਤੇ ਇਸ ਉਪਰੰਤ ਅਸ਼ੋਕ ਵਿੱਚ ਆਏ ਮਾਨਸਿਕ ਪਰਿਵਰਤਨ ਨੂੰ ਪ੍ਰਸਤੁਤ ਕਰਦਾ ਹੈ। ਨਾਟਕਕਾਰ ਇਤਿਹਾਸਕ

**International Research Journal of Humanities, Language and Literature**
**Vol. 2, Issue 12, Dec 2015 IF- 2.255 ISSN: (2394-1642)**
**© Associated Asia Research Foundation (AARF)**
**Website: www.aarf.asia Email : editor@aarf.asia , editoraarf@gmail.com**

ਸਾਮਗਰੀ ਦੇ ਸ੍ਰੋਤਾਂ ਬਾਰੇ ਕੋਈ ਜਾਣਕਾਰੀ ਨਹੀਂ ਦਿੰਦਾ। ਨਾਟਕਕਾਰ ਲਈ ਇਸ ਨਾਟ-ਰਚਨਾ ਵਾਸਤੇ ਜਿਨ੍ਹਾਂ ਸ਼ਕਤੀਆਂ ਨੇ ਪ੍ਰੇਰਕ ਦਾ ਕੰਮ ਕੀਤਾ, ਉਹ ਇਤਿਹਾਸਕ, ਸਮਾਜਿਕ, ਰਾਜਨੀਤਿਕ ਘਟਨਾਵਾਂ ਨਹੀਂ ਹਨ, ਬਲਕਿ ਕੁਝ ਪ੍ਰਕ੍ਰਿਤਕ ਨਜ਼ਾਰੇ ਹਨ, ਜਿਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਨਾਟਕਕਾਰ ਇਤਿਹਾਸਕ ਅਨੁਭਵ ਨੂੰ ਸਾਹਿਤਕ ਵਿਧਾ ਰਾਹੀਂ ਪ੍ਰਸਤੁਤ ਕਰਦਾ ਹੈ।33 ਇਹ ਨਾਟਕ ਅਸ਼ੋਕ ਦੇ ਉਦਾਰਚਿਤ, ਅਹਿੰਸਾਮਈ ਧਾਰਮਿਕ ਵਿਚਾਰਾਂ ਨੂੰ ਉਭਾਰਦਾ ਹੈ। ਕਾਰਜ ਦੀ ਪੱਧਰ ਉੱਪਰ ਸਮੁੰਦਰ ਅਤੇ ਖਲਾਕਤਾ ਹੀ ਕਾਰਜਸ਼ੀਲ ਹਨ। ਖਲਾਕਤਾ ਅਤੇ ਸਮੁੰਦਰ ਦੇ ਆਪਸੀ ਵਿਰੋਧਾਂ ਕਾਰਨ ਹੀ ਸਾਰਾ ਨਾਟਕੀ-ਤਨਾਉ ਉੱਭਰਦਾ ਹੈ ਅਤੇ ਇਹ ਨਿਸ਼ਚਿਤ ਦੁਖਾਂਤ ਵਾਪਰਦਾ ਹੈ। ਨਾਟਕਕਾਰ ਇਤਿਹਾਸਕ ਘਟਨਾਵਾਂ ਨੂੰ ਨਾਟਕੀ ਲੋੜਾਂ ਅਨੁਸਾਰ ਰੂਪਾਂਤ੍ਰਿਤ ਨਹੀਂ ਕਰਦਾ। ਨਾਟਕ ਵਿਚਲੇ ਦ੍ਰਿਸ਼ ਇਤਿਹਾਸਕ ਸਥਿਤੀ ਦਾ ਬੋਧ ਤਾਂ ਕਰਾਉਂਦੇ ਹਨ ਪਰ ਨਾਟਕੀ-ਦ੍ਰਿਸ਼ ਦੀ ਸਿਰਜਣਾ ਨਹੀਂ ਕਰਦੇ। ਨਾਟਕ ਦੀਆਂ ਘਟਨਾਵਾਂ ਦਾ ਬਾਹਰੀ ਆਕਾਰ ਅਤੇ ਅੰਦਰੂਨੀ-ਸੰਗਠਨ ਰੰਗਮੰਚ ਦੀਆਂ ਲੋੜਾਂ ਅਤੇ ਸੀਮਾਵਾਂ ਅਨੁਸਾਰ ਨਹੀਂ। ਨਾਟਕੀ ਚੇਤਨਾ ਦੇ ਪੱਧਰ ਉੱਪਰ ਨਾਟਕਕਾਰ ਸੰਵਾਦ-ਵਿਧੀ ਨੂੰ ਨਾਟਕ ਦੀ ਹੋਂਦ-ਵਿਧੀ ਦੇ ਬਦਲ ਵਜੋਂ ਗ੍ਰਹਿਣ ਕਰਦਾ ਹੈ।

ਬਲਬੀਰ ਸਿੰਘ ਦਾ ਨਾਟਕ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਰਣਜੀਤ ਸਿੰਘ ਦੇ ਬਚਪਨ ਤੋਂ ਲੈ ਕੇ ਉਸ ਦੀ ਮੌਤ ਤੱਕ ਦੀਆਂ ਘਟਨਾਵਾਂ ਨੂੰ ਨਾਟਕੀ-ਸੰਦਰਭ ਵਿੱਚ ਪੇਸ਼ ਕਰਦਾ ਹੈ। ਨਾਟਕਕਾਰ ਨਾਟਕ ਵਿੱਚ ਕਾਲਪਨਿਕ ਪਾਤਰਾਂ, ਘਟਨਾਵਾਂ ਅਤੇ ਉਹਨਾਂ ਦੀ ਵਰਤੋਂ ਦੇ ਰਚਨਾ-ਮਨੋਰਥ ਬਾਰੇ ਸਪੱਸ਼ਟ ਸੰਕੇਤ ਕਰਦਾ ਹੈ। 1958 ਵਿੱਚ ਰਚਿਆ ਇਹ ਇਤਿਹਾਸਕ ਨਾਟਕ ਇਤਿਹਾਸਕ ਘਟਨਾਵਾਂ ਦੇ ਓਹਲੇ ਰਾਹੀਂ ਤੱਤਕਾਲੀਨ ਰਾਜਸੀ ਸੰਕਟ ਨੂੰ ਵੀ ਪੇਸ਼ ਕਰਦਾ ਹੈ। ਜਿਸ ਸਮੇਂ ਵਿੱਚ ਇਸ ਨਾਟਕ ਦੀ ਸਿਰਜਣਾ ਕੀਤੀ ਗਈ ਹੈ ਉਸ ਸਮੇਂ ਪੰਜਾਬ ਦਾ ਮਾਹੌਲ ਪੰਜਾਬੀ ਸੂਬੇ ਦੇ ਮੋਰਚੇ ਕਾਰਨ ਤਨਾਉ-ਭਰਪੂਰ ਸੀ। ਪੰਜਾਬ ਦੇ ਸਿੱਖ ਅਕਾਲੀ ਅਤੇ ਕਾਂਗਰਸੀ ਪਾਰਟੀ ਵਿੱਚ ਵੰਡੇ ਹੋਏ ਸਨ ਅਤੇ ਇਕ ਦੂਸਰੇ ਦੇ ਵਿਰੁੱਧ ਵਿਚਾਰ ਅਤੇ ਵਿਹਾਰ ਰੱਖਦੇ ਸਨ। ਇਸ ਸਮੇਂ ਪੰਜਾਬ ਵਿੱਚ ਬੇਸ਼ਕ ਹਿੰਦੂ-ਸਿੱਖਾਂ ਦੇ ਆਪਸੀ ਵਿਰੋਧ ਦਾ ਮਾਹੌਲ ਬਣਿਆ ਹੋਇਆ ਸੀ, ਪਰ ਸਿੱਖ ਆਪਸ ਵਿੱਚ ਹੀ ਰਾਜਨੀਤਿਕ ਵਿਰੋਧ ਦਾ ਸ਼ਿਕਾਰ ਹੋ ਗਏ ਹਨ। ਸੋ ਤਤਕਾਲੀਨ ਸਥਿਤੀਆਂ ਨੂੰ ਪੇਸ਼ ਕਰਦਾ ਇਹ ਨਾਟਕ ਰਣਜੀਤ ਸਿੰਘ ਨੂੰ ਇਕ ਲੋਕ-ਨਾਇਕ ਵਜੋਂ ਉਭਾਰਣ ਲਈ ਯਤਨਸ਼ੀਲ ਹੈ।

(ੲ) 1966 ਤੋਂ ਹੁਣ ਤੱਕ ਦਾ ਪੰਜਾਬੀ ਇਤਿਹਾਸਕ ਨਾਟਕ

1947 ਵਿੱਚ ਦੇਸ਼ ਆਜ਼ਾਦ ਹੋ ਗਿਆ। ਪਾਕਿਸਤਾਨ ਬਣਨ ਕਰ ਕੇ ਪੰਜਾਬ ਦੇ ਮੁਸਲਮਾਨ ਪਾਕਿਸਤਾਨ ਚਲੇ ਗਏ। ਆਜ਼ਾਦੀ ਤੋਂ ਬਾਅਦ ਪੰਜਾਬ ਵਿੱਚ ਮੁੱਖ ਵਿਰੋਧ ਹਿੰਦੂ ਅਤੇ ਸਿੱਖਾਂ ਵਿੱਚ ਬਣਨਾ ਆਰੰਭ ਹੋ ਗਿਆ। ਇਸ ਦਾ ਮੁੱਖ ਕਾਰਨ ਉਹੀ ਪੁਰਾਣਾ ਆਰਥਿਕ ਆਧਾਰ ਹੀ ਸੀ। ਆਜ਼ਾਦੀ ਤੋਂ ਬਾਅਦ ਹਕੂਮਤ ਦੀ ਵਾਗਡੋਰ ਕਾਂਗਰਸ ਦੇ ਹੱਥਾਂ ਵਿੱਚ ਚਲੀ ਗਈ, ਜਿਸ ਕਾਰਨ ਸ਼ਹਿਰੀ ਹਿੰਦੂ ਵਿਉਪਾਰੀਆਂ ਦਾ ਪਲੜਾ ਭਾਰੀ ਹੋ ਗਿਆ। ਹਿੰਦੂ ਸੰਗਠਨਾਂ ਨੇ ਨਾ ਕੇਵਲ ਪੰਜਾਬੀ ਸੂਬੇ ਦੀ ਮੰਗ ਦਾ ਵਿਰੋਧ ਹੀ ਕੀਤਾ ਬਲਕਿ ਇਸ ਪ੍ਰਤਿ

International Research Journal of Humanities, Language and Literature
Vol. 2, Issue 12, Dec 2015 IF- 2.255 ISSN: (2394-1642)
© Associated Asia Research Foundation (AARF)
Website: www.aarf.asia Email : editor@aarf.asia , editoraarf@gmail.com

ਅੰਦੋਲਨ ਵੀ ਚਲਾਏ। 1961 ਦੀ ਜਨਗਣਨਾ ਸਮੇਂ ਪੰਜਾਬ ਦੇ ਹਿੰਦੂਆਂ ਨੇ ਪੰਜਾਬੀ ਨੂੰ ਆਪਣੀ ਮਾਤ ਭਾਸ਼ਾ ਮੰਨਣ ਤੋਂ ਇਨਕਾਰ ਕਰ ਦਿੱਤਾ। ਪੰਜਾਬੀ ਭਾਸ਼ਾ ਨੂੰ ਫ਼ਿਰਕੂ-ਰੰਗਤ ਦੇ ਕੇ ਨਿਰੋਲ ਸਿੱਖਾਂ ਨਾਲ ਜੋੜ ਦਿੱਤਾ।

ਲੰਮੇ ਸੰਘਰਸ਼ ਉਪਰੰਤ 1966 ਵਿੱਚ ਪੰਜਾਬੀ ਸੂਬੇ ਦੀ ਮੰਗ ਸਵੀਕਾਰ ਕਰ ਲਈ ਗਈ। ਕਾਂਗਰਸ ਸਰਕਾਰ ਨੇ ਹਿੰਦੂ ਸੰਗਠਨਾਂ ਦੇ ਪ੍ਰਭਾਵ ਅਧੀਨ ਜਿੱਥੇ ਇਸ ਮੰਗ ਨੂੰ ਦੇਰ ਨਾਲ ਸਵੀਕਾਰ ਕੀਤਾ, ਉੱਥੇ ਆਪਣੇ ਰਾਜਸੀ ਹਿੱਤਾਂ ਪ੍ਰਤਿ ਪ੍ਰਾਥਮਿਕ ਵਫ਼ਾ ਕਾਰਨ ਇਸ ਨੂੰ ਪੰਜਾਬੀ ਸੂਬਾ ਬਣਾਉਣ ਦੀ ਥਾਂ ਸਿੱਖ ਸੂਬਾ ਬਣਾਉਣ ਦਾ ਯਤਨ ਕੀਤਾ ਪਰ ਪੰਜਾਬੀ ਸੂਬੇ ਦੀ ਮੰਗ ਅਤੇ ਇਸ ਮੰਗ ਦੀ ਪੂਰਤੀ ਲਈ ਸੰਘਰਸ਼ ਅਕਾਲੀ ਦਲ ਵੱਲੋਂ ਚਲਾਇਆ ਗਿਆ ਸੀ। ਇਸੇ ਸਮੇਂ 1966 ਈ. ਵਿੱਚ ਹੀ ਗੁਰੂ ਗੋਬਿੰਦ ਸਿੰਘ ਦੀ ਤੀਸਰੀ ਜਨਮ ਸ਼ਤਾਬਦੀ, 1969 ਵਿੱਚ ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਜਨਮ ਸ਼ਤਾਬਦੀ, 1975 ਵਿੱਚ ਗੁਰੂ ਤੇਗ ਬਹਾਦਰ ਜੀ ਦੀ ਤੀਸਰੀ ਸ਼ਹੀਦੀ ਸ਼ਤਾਬਦੀ, 1977 ਵਿੱਚ ਅੰਮ੍ਰਿਤਸਰ ਦੀ ਚੌਥੀ ਸਥਾਪਨਾ ਸ਼ਤਾਬਦੀ ਅਤੇ 1980 ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਦੂਸਰੀ ਜਨਮ ਸ਼ਤਾਬਦੀ ਇਸ ਸਮੇਂ ਦੀਆਂ ਮਹੱਤਵਪੂਰਨ ਘਟਨਾਵਾਂ ਹਨ। ਇਨ੍ਹਾਂ ਘਟਨਾਵਾਂ ਦਾ ਮਹੱਤਵ ਕੇਵਲ ਇਸ ਗੱਲ ਵਿੱਚ ਨਹੀਂ ਕਿ ਇਹ ਪ੍ਰਸਿੱਧ ਇਤਿਹਾਸਕ-ਧਾਰਮਿਕ ਵਿਅਕਤੀਆਂ ਨਾਲ ਸੰਬੰਧਿਤ ਹਨ, ਬਲਕਿ ਇਸ ਗੱਲ ਵਿੱਚ ਹੈ ਕਿ ਇਨ੍ਹਾਂ ਨਾਲ ਸੰਬੰਧਿਤ ਸਮਾਗਮ ਸਰਕਾਰੀ ਪੱਧਰ ’ਤੇ ਮਨਾਏ ਗਏ। ਇਨ੍ਹਾਂ ਉੱਪਰ ਖੋਜ/ਆਲੋਚਨਾ, ਸਿਰਜਨਾਤਮਕ ਸਾਹਿਤ ਅਤੇ ਇਤਿਹਾਸਕ ਪ੍ਰਾਜੈਕਟਾਂ ਨੂੰ ਸਰਕਾਰੀ ਸਰਪ੍ਰਸਤੀ ਪ੍ਰਦਾਨ ਕੀਤੀ ਗਈ। ਇਨ੍ਹਾਂ ਸ਼ਤਾਬਦੀ ਸਮਾਰੋਹਾਂ ਕਾਰਨ ਪੰਜਾਬੀ ਇਤਿਹਾਸਕ ਨਾਟਕ ਵਿੱਚ ਗਿਣਤੀ ਪੱਖੋਂ ਹੈਰਾਨੀਜਨਕ ਵਾਧਾ ਹੁੰਦਾ ਹੈ। ਇਸ ਸਮੇਂ ਦੌਰਾਨ ਰਚੇ ਗਏ ਇਤਿਹਾਸਕ ਨਾਟਕ, ਇਤਿਹਾਸਕ ਵੀ ਹਨ ਅਤੇ ਧਾਰਮਿਕ ਵੀ। ਇਨ੍ਹਾਂ ਨਾਟਕਾਂ ਦੀ ਬਹੁ-ਪਰਤੀ ਪ੍ਰਕਿਰਤੀ ਕਾਰਨ ਹੀ ਪੰਜਾਬੀ ਇਤਿਹਾਸਕ ਨਾਟਕ ਵਿੱਚ ਕਲਾਤਮਕ ਪੱਖ ਤੋਂ ਕੁਝ ਪਰਿਵਰਤਨ ਦ੍ਰਿਸ਼ਟੀਗੋਚਰ ਹੁੰਦੇ ਹਨ।

ਆਨੰਦਪੁਰ ਦੀ ਆਵਾਜ਼ ਨਾਟਕ 1968 ਈ. ਵਿੱਚ ਪਾਂਧੀ ਨਨਕਾਣਵੀ ਦੁਆਰਾ ਗੁੁਰੂ ਗੋਬਿੰਦ ਸਿੰਘ ਦੁਆਰਾ ਬਿਲਾਸਪੁਰ ਦੇ ਰਾਜੇ ਅਜਮੇਰ ਚੰਦ ਨਾਲ ਯੁੱਧ ਕਰਨ ਤੋਂ ਲੈ ਕੇ, ਔਰੰਗਜ਼ੇਬ ਨੂੰ ਜ਼ਫ਼ਰਨਾਮਾ ਲਿਖਣ ਤੱਕ ਦੀਆਂ ਇਤਿਹਾਸਕ ਘਟਨਾਵਾਂ ਉੱਪਰ ਆਧਾਰਿਤ ਹੈ। ਸਾਰੇ ਨਾਟਕੀ-ਕਥਾਨਕ ਨੂੰ ਅੱਠ ‘ਨਾਟਾਂ’ ਵਿੱਚ ਵੰਡ ਕੇ ਪ੍ਰਸਤੁਤ ਕੀਤਾ ਹੈ। ਇਹ ਨਾਟਕ ਗੁਰੂ ਗੋਬਿੰਦ ਸਿੰਘ ਨੂੰ ਸ਼ਰਧਾਂਜਲੀ ਭੇਂਟ ਕਰਦਾ ਹੋਇਆ, ਗੁਰੂ ਖਾਲਸੇ ਦੀ ਬਹਾਦਰੀ, ਹੌਂਸਲੇ, ਤਿਆਗ ਅਤੇ ਧਾਰਮਿਕ ਚੇਤੰਨਤਾ ਨੂੰ ਇਤਿਹਾਸਕ ਘਟਨਾਵਾਂ ਨੂੰ ਸਾਹਿਤਕ ਸੰਦਰਭ ਦੇਣ ਦੀ ਬਜਾਏ ਧਾਰਮਿਕ ਸ਼ਰਧਾ ਦੇ ਦ੍ਰਿਸ਼ਟੀਕੋਣਾਂ ਤੋਂ ਪੇਸ਼ ਕੀਤਾ ਗਿਆ ਹੈ।

ਬਲਵੰਤ ਗਾਰਗੀ ਦਾ ਨਾਟਕ ਗਰਨ ਮੇਂ ਥਾਲ (1969) ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਕੁਝ ਇਤਿਹਾਸਕ ਘਟਨਾਵਾਂ ਅਤੇ ਕੁਝ ਜਨਮਸਾਖੀ ਵਿਚਲੀਆਂ ਘਟਨਾਵਾਂ ’ਤੇ ਆਧਾਰਿਤ ਹੈ। ਜਨਮਸਾਖੀ ਵਾਲੇ ਪ੍ਰਮਾਣ ਦਾ ਮਹੱਤਵ ਗੁਰੂ ਨਾਨਕ ਦੇ ਜੀਵਨ ਦੀਆਂ ਧਾਰਮਿਕ, ਸਭਿਆਚਾਰਕ, ਪਰਿਵਾਰਕ ਘਟਨਾਵਾਂ ਦੱਸਣ ਵਿੱਚ ਹੈ ਅਤੇ ਇਤਿਹਾਸਕ ਪ੍ਰਕਰਣ ਦਾ ਮਹੱਤਵ ਉਸ ਸਮੇਂ ਦੇ ਰਾਜਨੀਤਿਕ

International Research Journal of Humanities, Language and Literature
Vol. 2, Issue 12, Dec 2015 IF- 2.255 ISSN: (2394-1642)
© Associated Asia Research Foundation (AARF)
Website: www.aarf.asia Email : editor@aarf.asia , editoraarf@gmail.com

ਪ੍ਰਬੰਧ ਦੀ ਉਸ ਵਿਸ਼ੇਸ਼ਤਾ ਦਾ ਬੋਧ ਕਰਾਉਣ ਵਿੱਚ ਹੈ, ਜਿਸ ਕਾਰਨ ਉਸ ਸਮੇਂ ਸਮਾਜਿਕ, ਆਰਥਿਕ ਖੇਤਰਾਂ ਵਿੱਚ ਅਰਾਜਕਤਾ ਦੀ ਸਥਿਤੀ ਪੈਦਾ ਹੋਈ। ਨਾਟਕਕਾਰ ਗੁਰੂ ਨਾਨਕ ਦੇ ਜੀਵਨ ਦੀਆਂ ਘਟਨਾਵਾਂ ਅਤੇ ਸਮਕਾਲੀ ਇਤਿਹਾਸਕ-ਸਥਿਤੀ ਨੂੰ ਇਸ ਤਰ੍ਹਾਂ ਓਤਪੋਤ ਕਰ ਕੇ ਪੇਸ਼ ਕਰਦਾ ਹੈ ਕਿ ਇਨ੍ਹਾਂ ਨੂੰ ਇਕ ਦੂਜੀ ਤੋਂ ਵੱਖ ਕਰ ਕੇ ਵੇਖਣਾ ਨਾ ਸੰਭਵ ਹੈ ਅਤੇ ਨਾ ਹੀ ਸਾਰਥਿਕ। ਨਾਟਕਕਾਰ ਦਾ ਇਸ ਬਾਰੇ ਖ਼ਿਆਲ ਹੈ- ''ਨਾਟਕ ਦਾ ਸੁਨੇਹਾ ਉਸ ਦੇ ਸਮਾਜੀ ਪਿਛੋਕੜ ਵਿੱਚ ਹੀ ਸਮਝਿਆ ਜਾ ਸਕਦਾ ਹੈ ਅਤੇ ਇਸ ਦੇ ਸਦੀਵੀ ਅਰਥ ਗ੍ਰਹਿਣ ਕੀਤੇ ਜਾ ਸਕਦੇ ਹਨ। ਜ਼ੁਲਮ, ਕੂੜ, ਰਾਜਸੀ ਧੋਖੇ, ਧਾਰਮਿਕ ਪਾਖੰਡ ਅਤੇ ਸਾਮੰਤਸ਼ਾਹੀ ਦਾਬੇ ਨੂੰ ਪ੍ਰਦਰਸ਼ਿਤ ਕਰ ਕੇ ਮੈਂ ਨਾਨਕ ਦੀ ਵੰਗਾਰ ਤੇ ਭਵਿੱਖ ਬਾਣੀ ਨੂੰ ਉਘਾੜਨ ਦਾ ਯਤਨ ਕੀਤਾ ਹੈ''34

ਚਮਕੌਰ ਦੀ ਗੜ੍ਹੀ ਨਾਟਕ 1966 ਈ. ਵਿੱਚ ਡਾ. ਹਰਚਰਨ ਸਿੰਘ ਦੁਆਰਾ ਗੁਰੂ ਗੋਬਿੰਦ ਸਿੰਘ ਜੀ ਦੇ ਤਿੰਨ ਸੌ ਸਾਲਾ ਪ੍ਰਕਾਸ਼ ਉਤਸਵ ਤੇ ਲਿਖਿਆ ਗਿਆ ਹੈ। ਇਹ ਨਾਟਕ ਤਿੰਨ ਇਕਾਂਗੀਆਂ ਦਾ ਸੰਗ੍ਰਹਿ ਹੈ। ਇਸ ਵਿੱਚ ਚਮਕੌਰ ਦੀ ਗੜ੍ਹੀ, ਪਾਪ ਤਿਨ ਭੀਤਰ ਕੰਪਿਹ, ਜ਼ਫ਼ਰਨਾਮਾ ਅਤੇ ਸਰਹੰਦ ਦੀ ਕੰਧ, ਇਤਿਹਾਸ ਜਵਾਬ ਮੰਗਦਾ ਹੈ ਇਕਾਂਗੀ ਦਰਜ ਹਨ। ਇਸ ਨਾਟਕ ਦੇ ਭਾਗ ਚਮਕੌਰ ਦੀ ਗੜ੍ਹੀ ਵਿੱਚ ਲੇਖਕ ਨੇ ਮੁਗਲਾਂ ਨਾਲ ਚਮਕੌਰ ਦੀ ਗੜ੍ਹੀ ਵਿੱਚ ਹੋਈ ਲੜਾਈ, ਵੱਡੇ ਦੋ ਸਾਹਿਬਜ਼ਾਦਿਆਂ ਦੀ ਸ਼ਹੀਦੀ ਅਤੇ ਪੰਜ ਪਿਆਰਿਆਂ ਦੀ ਆਗਿਆ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਦਾ ਗੜ੍ਹੀ ਨੂੰ ਛੱਡ ਕੇ ਚਲੇ ਜਾਣਾ ਆਦਿ ਘਟਨਾਵਾਂ ਨੂੰ ਚਿਤਰ ਕੇ ਵਜ਼ੀਰ ਕਾਂ (ਸੂਬਾ ਸਰਹੰਦ) ਦੀ ਮਾਯੂਸੀ ਨੂੰ ਰੂਪਮਾਨ ਕਰਨ ਦੀ ਕੋਸ਼ਿਸ਼ ਕੀਤੀ ਹੈ। ਦੂਜੇ ਅੰਕ ਵਿੱਚ 'ਜ਼ਫਰਨਾਮਾ' ਰਾਹੀਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਔਰੰਗਜ਼ੇਬ ਵੱਲ ਭੇਜੀ ਗਈ ਚਿੱਠੀ ਦਾ ਜ਼ਿਕਰ ਕੀਤਾ ਗਿਆ ਹੈ। ਤੀਜੇ ਅੰਕ ਸਰਹੰਦ ਦੀ ਕੰਧ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜਾਦਿਆਂ ਦੇ ਨੀਹਾਂ ਵਿੱਚ ਚਿਣੇ ਜਾਣ ਤੋਂ ਬਾਅਦ ਸੂਬਾ ਸਰਹੰਦ ਦੇ ਨਵਾਬ ਵਜ਼ੀਰ ਖਾਂ ਦੇ ਮਨ ਦੀ ਜੋ ਹਾਲਤ ਹੁੰਦੀ ਹੈ, ਉਸ ਨੂੰ ਪ੍ਰਗਟਾਉਣ ਦਾ ਯਤਨ ਕੀਤਾ ਹੈ। ਲੇਖਕ ਨੇ ਇਨ੍ਹਾਂ ਤਿੰਨ ਇਕਾਂਗੀਆਂ ਨੂੰ ਬੜੇ ਸੁਚੱਜੇ ਢੰਗ ਨਾਲ ਜੋੜਿਆ ਹੈ। ਉਸ ਦੇ ਆਪਣੇ ਸ਼ਬਦਾਂ ਵਿੱਚ ''ਮਹਾਨ ਗੁਰੂ, ਚਾਰੇ ਸਾਹਿਬਜ਼ਾਦੇ ਅਤੇ ਸਿੰਘ ਸੂਰਮਿਆਂ ਦੀ ਲਾਸਾਨੀ ਕੁਰਬਾਨੀਆਂ ਅਤੇ ਬੀਰ-ਰਸ ਭਰਪੂਰ ਅਦੁੱਤੀ ਸਾਕਿਆਂ ਨੂੰ ਵਾਤਾਵਰਣ ਅਨੁਸਾਰ ਵਰਤਮਾਨ ਸਥਿਤੀ ਅਨੁਕੂਲ ਰੱਖ ਕੇ ਭਵਿੱਖ ਵਿੱਚ ਕੌਮੀ ਚਰਿੱਤਰ ਦੀ ਉਸਾਰੀ ਦੇ ਆਸ਼ੇ ਨਾਲ ਮੈਂ ਇਹ ਨਾਟਕ ਪੇਸ਼ ਕਰ ਰਿਹਾ ਹਾਂ।''35

ਜਿਨੁ ਸਚੁ ਪਲੈ ਹੋਇ ਨਾਟਕ ਮਈ 1969 ਨੂੰ ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਜਨਮ ਸ਼ਤਾਬਦੀ ਸਮੇਂ ਗੁਰਦਿਆਲ ਸਿੰਘ ਫੁੱਲ ਦੁਆਰਾ ਲਿਖਿਆ ਗਿਆ ਹੈ। ਇਹ ਨਾਟਕ ਗੁਰੂ ਨਾਨਕ ਦੇਵ ਜੀ ਦੇ ਜੀਵਨ ਸਿਧਾਂਤ 'ਸੱਚ' ਦਾ ਪ੍ਰਮਾਣ ਹੈ। ਨਾਟਕ ਵਿੱਚ ਸੱਚ ਦਾ ਝੂਠ ਨਾਲ ਘੋਲ ਹੈ। ਇਸ ਨਾਟਕ ਦਾ ਵਿਸ਼ਾ ਧਾਰਮਿਕ ਹਸਤੀ ਨਾਲ ਸੰਬੰਧ ਰੱਖਦਾ ਹੋਣ ਕਰ ਕੇ ਤੇ ਅਜੋਕੇ ਜੀਵਨ ਦੀ ਲੋੜ ਤੇ ਮੰਗ ਦੇ ਅਨੁਕੂਲ ਹੋਣ ਕਰ ਕੇ ਸਦੀਵਤਾ ਦੇ ਅੰਸ਼ਾਂ ਨਾਲ ਭਰਪੂਰ ਹੈ।

**International Research Journal of Humanities, Language and Literature**
**Vol. 2, Issue 12, Dec 2015 IF- 2.255 ISSN: (2394-1642)**
**© Associated Asia Research Foundation (AARF)**
**Website: www.aarf.asia Email : editor@aarf.asia , editoraarf@gmail.com**

ਹਰਚਰਨ ਸਿੰਘ ਦਾ ਨਾਟਕ ਪੁੰਨਿਆ ਦਾ ਚੰਨ (1969) ਬਹੁਤ ਸਮਾਂ ਪਹਿਲਾਂ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਵਸ ਉੱਤੇ ਸ਼ਰਧਾਂਜਲੀ ਭੇਟ ਕਰਨ ਹਿੱਤ ਲਿਖਿਆ ਗਿਆ ਸੀ। ਨਾਟਕਕਾਰ ਇਸ ਨਾਟਕ ਵਿੱਚ ਗੁਰੂ ਨਾਨਕ ਦੇਵ ਜੀ ਦੇ ਜਨਮ ਤੋਂ ਨਿਕਟ ਪੂਰਬਲੇ ਕਾਲ ਵਿੱਚ ਭਾਰਤ ਦੀ ਰਾਜਨੀਤਿਕ ਅਸਥਿਰਤਾ, ਧਾਰਮਿਕ, ਸਭਿਆਚਾਰਕ ਗਿਰਾਵਟ ਦੀ ਸਥਿਤੀ ਨੂੰ ਪੇਸ਼ ਕਰਦਾ ਹੈ। ਪਰੰਤੂ ਨਾਟਕ ਵਿੱਚ ਪੇਸ਼ ਕੀਤੀਆਂ ਇਤਿਹਾਸਕ ਘਟਨਾਵਾਂ ਦੇ ਸ੍ਰੋਤਾਂ ਦੀ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਨਾਟਕ ਵਿੱਚ ਇਤਿਹਾਸਕ ਸਥਿਤੀ ਨੂੰ ਪੇਸ਼ ਕੀਤਾ ਗਿਆ ਹੈ, ਪਰ ਇਤਿਹਾਸਕ-ਸਥਿਤੀ ਦੇ ਯਥਾਰਥ ਨੂੰ ਉਘਾੜਨ ਦੀ ਬਜਾਏ ਇਸ ਨੂੰ ਆਦਰਸ਼ਵਾਦੀ ਨਜ਼ਰੀਏ ਤੋਂ ਚਿਤਰਿਆ ਗਿਆ ਹੈ। ਗੁਰੂ ਨਾਨਕ ਦੇਵ ਦੇ ਜਨਮ ਤੋਂ ਪਹਿਲਾਂ ਨਾਟਕ ਵਿੱਚ ਸਾਧਾਰਨ ਲੋਕਾਂ ਦਾ ਲੋਕ-ਸ਼ਕਤੀ ਵਜੋਂ ਸੰਗਠਿਤ ਹੋ ਕੇ ਮੁਸਲਮਾਨ ਸਿਪਾਹੀਆਂ ਨੂੰ ਹਥਿਆਰਬੰਦ ਮੁਕਾਬਲਾ ਕਰਕੇ ਉਨ੍ਹਾਂ ਨੂੰ ਭਜਾ ਦੇਣਾ, ਇੱਕ ਅਜਿਹੀ ਘਟਨਾ ਹੈ, ਜਿਸ ਅਨੁਸਾਰ ਪੁੰਨਿਆ ਦਾ ਚੰਨ ਉਹ ਚੇਤਨਾ ਹੈ, ਜਿਸ ਦੇ ਆਉਣ ਕਾਰਨ ਭਾਰਤੀ ਲੋਕ ਇਕ-ਮੁੱਠ ਹੋ ਕੇ ਜਬਰ ਅਤੇ ਜ਼ੁਲਮ ਦਾ ਮੁਕਾਬਲਾ ਕਰਨ ਯੋਗ ਹੋ ਸਕੇ।

ਮਿਟੀ ਧੁੰਦ ਜਗੁ ਚਾਨਣ ਹੋਆ ਡਾ. ਹਰਚਰਨ ਸਿੰਘ ਦਾ ਇੱਕ ਹੋਰ ਇਤਿਹਾਸਕ ਨਾਟਕ ਹੈ, ਜੋ 1969 ਈ. ਵਿੱਚ ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਜਨਮ ਸ਼ਤਾਬਦੀ ਸਮੇਂ ਲਿਖਿਆ ਗਿਆ ਹੈ। ਨਾਟਕਕਾਰ ਨੇ ਜਿੱਥੇ ਪੁੰਨਿਆ ਦਾ ਚੰਨ ਨਾਟਕ ਵਿੱਚ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਦੀ ਸਥਿਤੀ ਦਾ ਚਿਤਰ ਪੇਸ਼ ਕੀਤਾ ਹੈ, ਉੱਥੇ ਇਸ ਨਾਟਕ ਵਿੱਚ ਨਾਨਕ ਯੁੱਗ ਦੀਆਂ ਕੁਰੀਤੀਆਂ ਨੂੰ ਦਿਖਾਇਆ ਗਿਆ ਹੈ। ਇਸ ਨਾਟਕ ਲਈ ਨਾਟਕਕਾਰ ਨੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਵਿੱਚੋਂ ਦੋ ਪ੍ਰਸਿੱਧ ਸਾਖੀਆਂ ਕਾਮਰੂਪ ਅਤੇ ਅਸਾਮ ਦੇ ਦੌਰੇ ਨੂੰ ਆਧਾਰ ਬਣਾਇਆ ਹੈ। ਸਾਰਾ ਨਾਟਕ ਚਾਰ ਝਾਕੀਆਂ ਵਿੱਚ ਪੇਸ਼ ਕੀਤਾ ਗਿਆ ਹੈ। ਪਹਿਲੀ ਝਾਕੀ ਵਿੱਚ ਕੂੜ ਪਰਜਾ, ਦੂਜੀ ਵਿੱਚ ਕੂੜ ਰਾਜਾ, ਤੀਜੀ ਝਾਕੀ ਵਿੱਚ ਗੁਰੂ ਨਾਨਕ ਸਾਹਿਬ ਜੀ ਦੇ ਬਚਨ ਰੋਟੀਆ ਕਾਰਨ ਪੂਰੇ ਤਾਲਿ ਨੂੰ ਉਘਾੜਿਆ ਗਿਆ ਹੈ। ਨਾਟਕ ਦੀ ਚੌਥੀ ਝਾਕੀ ਵਿੱਚ ਰਾਜੇ ਸੁਪਰਸੈਨ ਦੀ ਮਨੋਅਵਸਥਾ ਨੂੰ ਚਿਤਰ ਕੇ ਉਸ ਅੰਦਰ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਬਿਹਬਲਤਾ ਦਿਖਾਈ ਹੈ।

ਮਿੱਤਰ ਪਿਆਰਾ ਸੰਤ ਸਿੰਘ ਸੇਖੋਂ ਦਾ ਇੱਕ ਇਤਿਹਾਸਿਕ ਨਾਟਕ ਹੈ ਜੋ 1970 ਵਿੱਚ ਰਚਿਆ ਗਿਆ। ਇਹ ਨਾਟਕ ਇੱਕ ਪਾਸੇ ਤਾਂ ਵੀਹਵੀਂ ਸਦੀ ਦੇ ਆਰੰਭਲੇ ਦਹਾਕਿਆ ਵਿੱਚ ਭਾਰਤ ਅਤੇ ਖ਼ਾਸ ਕਰ ਕੇ ਪੰਜਾਬ ਦੀ ਆਰਥਿਕ, ਰਾਜਨੀਤਿਕ ਸਥਿਤੀ ਨੂੰ ਪੇਸ਼ ਕਰਦਾ ਹੈ ਅਤੇ ਦੂਸਰੇ ਪਾਸੇ ਇਸ ਸਥਿਤੀ ਬਾਰੇ ਭਾਰਤੀ ਇਨਕਲਾਬੀਆਂ ਦੇ ਵਿਚਾਰਾਂ ਵਿੱਚ ਲੈਨਿਨ ਦੇ ਵਿਚਾਰਾਂ ਦੀ ਸਰਵਉੱਚਤਾ ਨੂੰ ਸਾਕਾਰ ਕਰਦਾ ਹੈ। ਇਸ ਨਾਟਕ ਦਾ ਨਾਮ ਗੁਰੂ ਗੋਬਿੰਦ ਸਿੰਘ ਦੇ ਸ਼ਬਦ ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ ਉੱਪਰ ਰੱਖਿਆ ਹੈ। ਗੁਰੂ ਗੋਬਿੰਦ ਸਿੰਘ ਦੇ ਸ਼ਬਦ ਵਿੱਚ ਮਿੱਤਰ ਪਿਆਰਾ ਪ੍ਰਮਾਤਮਾ ਹੈ ਅਤੇ ਮੁਰੀਦ ਗੁਰੂ ਗੋਬਿੰਦ ਸਿੰਘ ਹੈ। ਇਸ ਨਾਟਕ ਵਿੱਚ ਮਿੱਤਰ ਪਿਆਰਾ ਲੈਨਿਨ ਹੈ ਅਤੇ ਮੁਰੀਦ ਭਾਰਤੀ ਇਨਕਲਾਬੀ ਹਨ। ਸਾਰੇ ਨਾਟਕੀ ਕਥਾਨਕ ਨੂੰ ਤਿੰਨ ਅੰਕਾਂ ਵਿੱਚ ਵੰਡਿਆ ਗਿਆ ਹੈ। ਅੰਕਾਂ ਦੀ ਅੱਗੋਂ ਝਾਕੀਆਂ ਵਿੱਚ ਉਪਵੰਡ ਕੀਤੀ ਗਈ ਹੈ। ਇਸ ਨਾਟਕ ਨੂੰ ਇਤਿਹਾਸਕ ਨਾਟਕ ਬਣਾਉਣ ਵਾਲੇ ਦੋ ਤੱਤ ਹਨ, ਪਹਿਲਾ ਲੈਨਿਨ ਅਤੇ ਹੋਰ

International Research Journal of Humanities, Language and Literature
Vol. 2, Issue 12, Dec 2015 IF- 2.255 ISSN: (2394-1642)
© Associated Asia Research Foundation (AARF)
Website: www.aarf.asia Email : editor@aarf.asia , editoraarf@gmail.com

ਇਤਿਹਾਸਕ ਪਾਤਰ ਅਤੇ ਦੂਸਰਾ ਪੰਜਾਬ ਦੀ ਕਿਰਸਾਣੀ ਦਾ ਉਸ ਸਥਿਤੀ ਵਿੱਚ ਰਾਜਨੀਤਿਕ-ਆਰਥਿਕ ਦਸ਼ਾ। ਇਹ ਰਚਨਾ ਲੈਨਿਨ ਦੇ ਰਾਜਨੀਤਿਕ ਵਿਚਾਰਾਂ, ਭਾਰਤੀ ਇਨਕਲਾਬੀਆਂ ਦੀ ਸਥਿਤੀ ਅਤੇ ਉਸ ਵਕਤ ਪੰਜਾਬ ਦੀ ਕਿਰਸਾਣੀ ਦੇ ਜੀਵਨ ਦੇ ਵਿਭਿੰਨ ਪਹਿਲੂਆਂ ਨੂੰ ਪੇਸ਼ ਕਰਦੀ ਹੋਈ ਨਾਟਕ ਹੋਣ ਦਾ ਭਰਮ ਸਿਰਜਦੀ ਹੈ।

ਬਲਵੰਤ ਗਾਰਗੀ ਦਾ ਨਾਟਕ ਸੁਲਤਾਨ ਰਜ਼ੀਆ (1974), ਰਜ਼ੀਆ ਨਾਲ ਰਾਜਨੀਤੀ ਅਤੇ ਰਾਜਨੀਤਿਕ ਘਟਨਾਵਾਂ ਦੇ ਸੰਦਰਭ ਵਿੱਚ ਮੱਧਕਾਲੀ ਇਸਲਾਮੀ ਰਾਜਨੀਤੀ ਅਤੇ ਰਾਜਨੀਤਿਕ-ਪ੍ਰਬੰਧ ਦਾ ਨਾਟਕੀ-ਬਿੰਬ ਸਿਰਜਣ ਦਾ ਯਤਨ ਕਿਹਾ ਜਾ ਸਕਦਾ ਹੈ। ਇਤਿਹਾਸਕ ਸਾਮਗਰੀ ਲਈ ਨਾਟਕਕਾਰ ਨੇ, ‘‘ਮਿਨਹਾਜ-ਅਲ-ਸਰਾਜ ਦੀ ਪੁਸਤਕ ‘ਤਬਕਾਤ-ਇ-ਨਾਸਰੀ’ ਖ਼ਲੀਕ ਅਹਿਮਦ ਨਿਜ਼ਾਮੀ ਦੀ ਕਿਤਾਬ ‘ਸਲਾਤੀਨੀ-ਇ-ਦੇਹਲੀ ਦੇ ਮਜ਼ਹਬੀ ਰੁਹਜਾਨਾਤ’ ਅਤੇ ਮੁਹਮੰਦ ਕਾਸਿਮ ਫਰਿਸ਼ਤਾ ਦੀ ਪੁਸਤਕ ਦਾ ਅਧਿਐਨ ਕੀਤਾ ਹੈ।’’36 ਨਾਟਕ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ। ਪਹਿਲਾ ਅੰਕ ਰਜ਼ੀਆ ਦੇ ਉੱਥਾਨ ਨਾਲ ਸੰਬੰਧਿਤ ਹੈ ਅਤੇ ਦੂਸਰਾ ਪਤਨ ਨਾਲ। ਰਜ਼ੀਆ ਦੇ ਤਿੰਨ ਰੂਪ ਨਾਟਕਕਾਰ ਨੇ ਪੇਸ਼ ਕੀਤੇ ਹਨ। ਪੁੱਤਰੀ, ਮਲਿਕਾ ਅਤੇ ਔਰਤ ਦਾ। ਗਾਰਗੀ ਨੇ ਰਜ਼ੀਆ ਦੀ ਜੀਵਨ-ਵਿਥਿਆ ਦੇ ਮਾਧਿਅਮ ਰਾਹੀਂ ਮੱਧਕਾਲੀ ਇਸਲਾਮੀ ਰਾਜ-ਪ੍ਰਬੰਧ ਅਤੇ ਸਾਂਸਕ੍ਰਿਤਕ ਮੁੱਲ-ਪ੍ਰਬੰਧ ਦੇ ਨਿਵੇਕਲੇ ਨਾਟਕ ਬਿੰਬ ਨੂੰ ਸਿਰਜਿਆ ਹੈ।

ਹਰਚਰਨ ਸਿੰਘ ਦਾ ਨਾਟਕ ਹਿੰਦ ਦੀ ਚਾਦਰ (1975) ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨਾਲ ਸੰਬੰਧਿਤ ਇਤਿਹਾਸਕ ਘਟਨਾਵਾਂ ਉੱਪਰ ਆਧਾਰਿਤ ਹੈ। ਨਾਟਕਕਾਰ ਅਨੁਸਾਰ ‘‘ਗੁਰੂ ਤੇਗ ਬਹਾਦੁਰ ਦੀ ਧਰਮ, ਭਾਰਤੀ ਸੰਸਕ੍ਰਿਤੀ ਅਤੇ ਸੁਤੰਤਰ ਸੋਚਣੀ ਖ਼ਾਤਰ ਦਿੱਤੀ ਕੁਰਬਾਨੀ ਮੈਨੂੰ ਬਚਪਨ ਤੋਂ ਹੀ ਅਦੁੱਤੀ ਲੱਗਦੀ ਸੀ। ਅੰਤਰ ਆਤਮਾ ਵਿੱਚ ਘਰ ਕਰੀ ਬੈਠੀ ਇਸ ਖਿੱਚ ਨੂੰ ਅਖੀਰ ਮੈਂ ਸ਼ਬਦੀ ਜਾਮਾ ਪਹਿਨਾਉਣ ਦਾ ਉਪਰਾਲਾ ਕੀਤਾ।37 ਨਾਟਕ ਵਿੱਚ ਇਤਿਹਾਸਕ-ਸਥਿਤੀ ਅਤੇ ਘਟਨਾਵਾਂ ਦੇ ਚਿਤਰਨ ਲਈ ਇਤਿਹਾਸਕ ਅਤੇ ਕਾਲਪਨਿਕ ਪਾਤਰਾਂ ਦੀ ਸਿਰਜਣਾ ਕੀਤੀ ਗਈ ਹੈ। ਕਿਰਪਾ ਰਾਮ, ਲੱਖੀ ਸ਼ਾਹ, ਭਾਈ ਜੈਤਾ, ਕਾਜ਼ੀ ਬੋਹਰਾ, ਨਗਾਹੀਆਂ ਆਦਿ ਇਤਿਹਾਸਕ ਪਾਤਰ ਹਨ। ਸੂਫ਼ੀ, ਪਗਲੀ ਅਤੇ ਹੋਰ ਸਾਧਾਰਨ ਵਿਅਕਤੀ ਕਾਲਪਨਿਕ ਪਾਤਰ ਹਨ। ਇਨ੍ਹਾਂ ਪਾਤਰਾਂ ਦਾ ਨਾਟਕੀ ਮਹੱਤਵ ਇਹ ਹੈ ਕਿ ਇਹ ਇਤਿਹਾਸਕ ਤਨਾਉ-ਯੁਕਤ ਸਥਿਤੀ ਬਾਰੇ ਸਾਧਾਰਨ ਲੋਕਾਂ ਦੀ ਸੋਚ-ਪ੍ਰਤਿਕਰਮ ਨੂੰ ਉਘਾੜਦੇ ਹਨ। ਨਾਟਕ ਦੀ ਭਾਸ਼ਾ ਅਤੇ ਕਾਰਜ ਨਾਲ ਅਜਿਹਾ ਸੰਗਠਿਤ ਲਿਖਤ ਨਾਟਕੀ-ਪਾਠ ਸਿਰਜਿਆ ਗਿਆ ਹੈ, ਜਿਸ ਵਿੱਚ ਖੇਡ-ਪਾਠ ਬਣਨ ਦੀਆਂ ਭਰਪੂਰ ਸੰਭਾਵਨਾਵਾਂ ਮੌਜੂਦ ਹਨ।

ਗੁਰਸ਼ਰਨ ਸਿੰਘ ਦਾ ਨਾਟਕ ਸੀਸ ਤਲੀ ’ਤੇ ਇੱਕ ਇਤਿਹਾਸਕ ਨਾਟਕ ਹੈ ਜੋ 1980 ਵਿੱਚ ਰਚਿਆ ਗਿਆ। ਇਹ ਨਾਟਕ ਵੀਹਵੀਂ ਸਦੀ ਦੇ ਤੀਸਰੇ ਦਹਾਕੇ ਵਿੱਚ ਪੰਜਾਬ ਅਤੇ ਖ਼ਾਸ ਕਰ ਕੇ ਦੁਆਬੇ ਵਿੱਚ ਚੱਲੀ ਇੱਕ ਪ੍ਰਚੰਡ ਜੁਝਾਰੂ ਵਿਦਰੋਹੀ ਲਹਿਰ, ਬੱਬਰ

International Research Journal of Humanities, Language and Literature
Vol. 2, Issue 12, Dec 2015 IF- 2.255 ISSN: (2394-1642)
© Associated Asia Research Foundation (AARF)
Website: www.aarf.asia Email : editor@aarf.asia , editoraarf@gmail.com

ਅਕਾਲੀ ਲਹਿਰ ਨਾਲ ਸੰਬੰਧਿਤ ਇਤਿਹਾਸਕ ਘਟਨਾਵਾਂ ਉੱਪਰ ਆਧਰਿਤ ਨਾਟਕ ਹਨ। ਨਾਟਕ ਇੱਕ ਪਾਸੇ ਤਾਂ ਬੱਬਰ ਅਕਾਲੀ ਲਹਿਰ ਦੇ ਉਤਪੰਨ ਹੋਣ ਦੇ ਕਾਰਨਾਂ ਦਾ ਬੋਧ ਕਰਾਉਂਦਾ ਹੈ ਅਤੇ ਦੂਸਰੇ ਪਾਸੇ ਉਸ ਵਿਚਾਰਧਾਰਾ ਦੀ ਹੁਣ ਦੇ ਕਾਰਨਾਂ ਦਾ ਬੋਧ ਕਰਾਉਂਦਾ ਹੈ ਅਤੇ ਦੂਸਰੇ ਪਾਸੇ ਉਸ ਵਿਚਾਰਧਾਰਾ ਦੀ ਹੁਣ ਦੀ ਸਥਿਤੀ ਵਿੱਚ ਸਾਰਥਿਕਤਾ ਸਿਰਜਦਾ ਪ੍ਰਤੀਤ ਹੁੰਦਾ ਹੈ। ਨਾਟਕੀ-ਕਥਾਨਕ ਨੂੰ ਅੱਠ ਸੀਨਾਂ ਵਿੱਚ ਵੰਡ ਕੇ ਪੇਸ਼ ਕੀਤਾ ਗਿਆ ਹੈ।

1980 ਵਿੱਚ ਹੀ ਰਚਿਆ ਗਿਆ ਇੱਕ ਹੋਰ ਇਤਿਹਾਸਕ ਨਾਟਕ ਮਸੀਹਾ ਸੂਲੀ ਤੇ ਮੁਸਕ੍ਰਾਇਆ ਦੀ ਰਚਨਾ ਨਾਟਕਕਾਰ ਹਰਚਰਨ ਸਿੰਘ ਵੱਲੋਂ ਹੋਈ। ਇਹ ਨਾਟਕ ਸ਼ਹੀਦ ਭਗਤ ਸਿੰਘ ਦੇ ਜੀਵਨ ਦੀਆਂ ਮਹੱਤਵਪੂਰਨ ਘਟਨਾਵਾਂ ਉੱਪਰ ਆਧਾਰਿਤ ਹੈ। ਇਹ ਨਾਟਕ ਭਗਤ ਸਿੰਘ ਦੀ ਸ਼ਹੀਦੀ ਦੇ ਪੰਜਾਹਵੇਂ ਸਲਾਨਾ ਸਮਾਗਮਾਂ ਨੂੰ ਮੁੱਖ ਰੱਖ ਕੇ ਲਿਖਿਆ ਗਿਆ ਹੈ। ਇਸ ਦਾ ਰਚਨਾ-ਮਨੋਰਥ ਭਗਤ ਸਿੰਘ ਨੂੰ ਸ਼ਰਧਾਂਜਲੀ ਭੇਂਟ ਕਰਨਾ ਹੈ। ਨਾਟਕੀ-ਕਥਾਨਕ ਨੂੰ ਨੌਂ ਝਾਕੀਆਂ ਵਿੱਚ ਵੰੰਡਿਆ ਗਿਆ ਹੈ। ਇਹ ਨਾਟਕ ਇਤਿਹਾਸਕ ਸਥਿਤੀਆਂ ਦੇ ਨਾਟਕੀ-ਸੰਚਾਰ ਅਤੇ ਕੋਈ ਨਵੀਂ ਵਿਆਖਿਆ ਪ੍ਰਸਤੁਤ ਕਰਨ ਦੀ ਬਜਾਏ ਭਗਤ ਸਿੰਘ ਦੇ ਜੀਵਨੀਮੂਲਕ ਵੇਰਵਿਆਂ ਨੂੰ ਆਦਰਸ਼ਵਾਦੀ ਦ੍ਰਿਸ਼ਟੀਕੋਣ ਤੋਂ ਪੇਸ਼ ਕਰਦਾ ਹੈ। ਨਾਟਕ ਦੇ ਮੁੱਖ ਪਾਤਰ ਇਤਿਹਾਸਕ ਹਨ। ਨਾਟਕ ਦੀ ਭਾਸ਼ਾ ਪਾਤਰਾਂ ਦੀ ਮਾਨਸਿਕ ਸਥਿਤੀ ਦਾ ਪ੍ਰਗਟਾਵਾ ਕਰਦੀ ਹੋਈ ਨਾਟਕੀ ਤਨਾਉ ਸਿਰਜਣ ਦਾ ਸਹਾਇਕ ਅੰਗ ਬਣਦੀ ਹੈ। ਇਹੋ ਕਾਰਨ ਹੈ ਕਿ ਇਹ ਨਾਟਕ ਸਾਧਾਰਨ ਪੇਂਡੂ ਮੰਚ ਉੱਤੇ ਪੇਸ਼ ਹੋ ਸਕਿਆ ਹੈ।

1981 ਵਿੱਚ ਰਚਿਆ ਗਿਆ ਪਾਂਧੀ ਨਨਕਾਣਵੀ ਦਾ ਨਾਟਕ ਠੰਡਾ ਬੁਰਜ ਸਰਹਿੰਦ ਦਾ ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜ਼ਾਦਿਆਂ ਦੀ ਗ੍ਰਿਫ਼ਤਾਰੀ ਤੋਂ ਲੈ ਕੇ ਬੰਦਾ ਬਹਾਦਰ ਦੀ ਅਗਵਾਈ ਹੇਠ ਪੈਦਾ ਹੋਏ ਸਿੱਖ ਲੋਕ-ਉਭਾਰ ਤੱਕ ਦੀਆਂ ਇਤਿਹਾਸਕ ਘਟਨਾਵਾਂ ਉੱਪਰ ਆਧਾਰਿਤ ਹੈ। ਦਰਅਸਲ ਨਾਟਕਕਾਰ ਦਾ ਮੰਤਵ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਵਿਵਰਣ ਦੇ ਚਿਤਰਨ ਨਾਲ ‘ਧੰਨ ਸਿੱਖੀ’ ਦਾ ਭਾਵ ਪੈਦਾ ਕਰਨਾ ਹੈ। ਨਾਟਕ ਦੇ ਮੁੱਖ ਪਾਤਰ ਵਜ਼ੀਰ ਖਾਂ, ਸੁੱਚਾ ਨੰਦ, ਸ਼ੇਰ ਮੁਹੰਮਦ ਆਦਿ ਇਤਿਹਾਸਕ ਪਾਤਰ ਹਨ। ਪਰੰਤੂ ਕੁਝ ਪਾਤਰ ਕਾਲਪਨਿਕ ਹਨ। ਨਾਟਕ ਦੀ ਭਾਸ਼ਾ ਕੇਂਦਰੀ ਪੰਜਾਬੀ ਹੈ। ਪਰ ਇਸਲਾਮੀ ਇਤਿਹਾਸਕ ਸਭਿਆਚਾਰ ਦੇ ਪ੍ਰਭਾਵ ਦੇਣ ਲਈ ਉਰਦੂ ਅਤੇ ਫ਼ਾਰਸੀ ਦੇ ਸ਼ਬਦ ਵੀ ਵਰਤੇ ਗਏ ਹਨ। ਨਾਟਕ ਵਿੱਚ ਘਟਨਾਵਾਂ ਦੇ ਅੰਦਰੂਨੀ ਸੰਗਠਨ ਵਿੱਚ ਤਨਾਉ-ਯੁਕਤ ਕਾਰਜ ਦੀ ਅਣਹੋਂਦ ਕਾਰਨ ਇਹ ਲਿਖਿਤ ਪਾਠ ਵਿੱਚ ਰੂਪਾਂਤ੍ਰਿਤ ਹੋ ਸਕਣ ਦੀਆਂ ਸੰਭਾਵਨਾਵਾਂ ਰੱਖਦਾ ਪ੍ਰਤੀਤ ਨਹੀਂ ਹੁੰਦਾ।

ਗੁਰਦਿਆਲ ਸਿੰਘ ਫੁੱਲ ਦਾ ਨਾਟਕ ਮਹਾਂਬਲੀ ਯੋਧਾ (1981) ਮਹਾਰਾਜਾ ਰਣਜੀਤ ਸਿੰਘ ਦੀਆਂ ਵਿਭਿੰਨ ਕਾਲਪਨਿਕ ਅਤੇ ਇਤਿਹਾਸਕ ਘਟਨਾਵਾਂ ਉੱਪਰ ਆਧਾਰਿਤ ਹੈ। ਇਸ ਨਾਟਕ ਵਿੱਚ ਰੌਸ਼ਨੀ ਅਤੇ ਆਵਾਜ਼ (Light & Sound) ਦੀ ਤਕਨੀਕ ਅਪਣਾਈ ਗਈ ਹੈ। ਨਾਟਕ ਦੇ ਨਾਮ ਤੋਂ ਹੀ ਸਪੱਸ਼ਟ ਹੈ ਕਿ ਰਣਜੀਤ ਸਿੰਘ ਇਕ ਮਹਾਂਬਲੀ ਯੋਧਾ ਹੈ, ਜਿਸ ਸਾਹਮਣੇ ਕੋਈ ਮੁਸ਼ਕਲ ਜਾਂ ਦੁਸ਼ਮਣ

International Research Journal of Humanities, Language and Literature
Vol. 2, Issue 12, Dec 2015 IF- 2.255 ISSN: (2394-1642)
© Associated Asia Research Foundation (AARF)
Website: www.aarf.asia Email : editor@aarf.asia , editoraarf@gmail.com

ਠਹਿਰ ਨਹੀਂ ਸਕਦਾ। ਨਾਟਕ ਵਿੱਚ ਪਾਤਰ ਇਤਿਹਾਸਕ ਹਨ। ਰਣਜੀਤ ਸਿੰਘ ਪ੍ਰਤਿ ਸਤਿਕਾਰ-ਭਾਵੀ ਸ਼ਰਧਾਮਈ ਦ੍ਰਿਸ਼ਟੀ ਕਾਰਨ ਉਸ ਦੇ ਜੀਵਨ ਦੀਆਂ ਕੇਵਲ ਉਹ ਘਟਨਾਵਾਂ ਚਿੱਤਰੀਆਂ ਗਈਆਂ ਹਨ, ਜੋ ਉਸ ਨੂੰ ਇੱਕ ਕੌਮੀ ਨਾਟਕ ਬਣਾਉਂਦੀਆਂ ਹਨ।

1981 ਵਿੱਚ ਹੀ ਇੱਕ ਹੋਰ ਇਤਿਹਾਸਕ ਨਾਟਕ ਰਾਜਾ ਦੀ ਰਚਨਾ ਹੋਈ। ਹਰਚਰਨ ਸਿੰਘ ਦਾ ਲਿਖਿਆ ਹੋਇਆ ਇਹ ਨਾਟਕ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਲੈ ਕੇ ਮਹਾਰਾਜਾ ਸ਼ੇਰ ਸਿੰਘ ਅਤੇ ਧਿਆਨ ਸਿੰਘ ਦੀ ਮੌਤ ਤੱਕ ਦੀਆਂ ਇਤਿਹਾਸਕ ਕਾਲ-ਖੰਡ ਵਿੱਚ ਵਾਪਰੀਆਂ ਘਟਨਾਵਾਂ ਨੂੰ ਪੇਸ਼ ਕਰਦਾ ਹੈ ਪਰ ਇਸ ਦਾ ਕੇਂਦਰ-ਬਿੰਦੂ ਰਾਜਾ ਧਿਆਨ ਸਿੰਘ ਦੀਆਂ ਰਾਜਨੀਤਿਕ ਗਤੀ-ਵਿਧੀਆਂ ਨੂੰ ਨਾਟਕਾਂ -ਸੰਦਰਭ ਵਿੱਚ ਪ੍ਰਸਤੁਤ ਕਰਦਾ ਹੈ। ਨਾਟਕੀ ਕਥਾਨਕ ਨੂੰ ਇੱਕੀ ਦ੍ਰਿਸ਼ਾਂ ਵਿੱਚ ਵੰਡ ਕੇ ਪੇਸ਼ ਕੀਤਾ ਗਿਆ ਹੈ।

ਅਜਮੇਰ ਸਿੰਘ ਰੋਡੇ ਰਚਿਤ ਨਾਟਕ ਕਾਮਾਗਾਟਾ ਮਾਰੂ ਜੋ ਕਿ 1984 ਈ. ਵਿੱਚ ਰਚਿਆ ਗਿਆ ਗ਼ਦਰੀ ਬਾਬਿਆ ਦੇ ਸਮੁੰਦਰੀ ਜਹਾਜ਼ ਕਾਮਾਗਾਟਾ ਮਾਰੂ ਨਾਲ ਸੰਬੰਧਿਤ ਇਤਿਹਾਸਕ ਘਟਨਾਵਾਂ ਉੱਪਰ ਆਧਾਰਿਤ ਨਾਟਕ ਹੈ। ਇਹ ਨਾਟਕ ਅੰਗਰੇਜ਼ ਸਰਕਾਰ ਦੀਆਂ ਦੋਗਲੀਆਂ ਨੀਤੀਆਂ, ਕਨੇਡਾ ਦੀ ਸਰਕਾਰ ਦੀ ਨਸਲਵਾਦੀ ਸੋਚ, ਭਾਰਤੀਆਂ ਦੇ ਹੌਂਸਲੇ, ਅਣਖ ਅਤੇ ਬਦਲਾ ਲੈਣ ਦੀਆਂ ਭਾਵਨਾਵਾਂ ਨੂੰ ਇਤਿਹਾਸਕ ਨਾਟਕੀ ਸੰਦਰਭ ਵਿੱਚ ਪੇਸ਼ ਕਰਦਾ ਹੈ। ਨਾਟਕ ਦੇ ਮੁੱਖ ਪਾਤਰ ਇਤਿਹਾਸਕ ਹਨ। ਇਤਿਹਾਸਕ ਘਟਨਾਵਾਂ ਨੂੰ ਜਿੱਥੇ ਇਤਿਹਾਸਕ ਤੱਥਾਂ ਅਨੁਸਾਰ ਪੇਸ਼ ਕੀਤਾ ਗਿਆ ਹੈ, ਉੱਥੇ ਇਨ੍ਹਾਂ ਘਟਨਾਵਾਂ ਦੇ ਆਧਾਰ ਉੱਤੇ ਨਾਟਕੀ ਸੰਦਰਭ ਸਿਰਜਣ ਦਾ ਸਫ਼ਲ ਯਤਨ ਕੀਤਾ ਗਿਆ ਹੈ।

ਪਾਂਧੀ ਨਨਕਾਣੀ ਦਾ ਨਾਟਕ ਰਾਤਾਂ ਚਮਕੌਰ ਦੀਆਂ (1984) ਸਿੱਖ ਇਤਿਹਾਸ ਨਾਲ ਸੰਬੰਧਿਤ ਬਹੁਤ ਹੀ ਅਲਪਕਾਲ-ਖੰਡ ਵਿੱਚ ਵਾਪਰੀਆਂ ਘਟਨਾਵਾਂ ਉੱਪਰ ਆਧਾਰਿਤ ਹੈ। ਜਿਵੇਂ ਕਿ ਨਾਟਕ ਦੇ ਨਾਮ ਤੋਂ ਵੀ ਸਪੱਸ਼ਟ ਹੋ ਜਾਂਦਾ ਹੈ ਕਿ ਇਸ ਵਿੱਚ ਕੇਵਲ ਉਨ੍ਹਾਂ ਘਟਨਾਵਾਂ ਨੂੰ ਨਾਟਕੀ-ਸੰਦਰਭ ਅਤੇ ਵਿਸਤਾਰ ਦਿੱਤਾ ਗਿਆ ਹੈ, ਜਿਹੜੀਆਂ ਚਮਕੌਰ ਵਿਖੇ ਗੁਰੂ ਗੋਬਿੰਦ ਸਿੰਘ ਅਤੇ ਮੁਗ਼ਲ ਫ਼ੌਜ ਵਿਚਕਾਰ ਦੋ ਰਾਤਾਂ ਦੇ ਸਮੇਂ ਦੌਰਾਨ ਵਾਪਰੀਆਂ। ਨਾਟਕ ਦੇ ਮੁੱਖ ਪਾਤਰ ਇਤਿਹਾਸਕ ਹਨ। ਕਾਲਪਨਿਕ ਪਾਤਰ, ਇਤਿਹਾਸਕ ਸਥਿਤੀਆਂ ਦੀ ਉਲੰਘਣਾ ਨਹੀਂ ਕਰਦੇ। ਨਾਟਕ ਦਾ ਪਹਿਲਾ ਸਾਰਾ ਹਿੱਸਾ ਇਤਿਹਾਸਕ ਬਿਰਤਾਂਤ ਦਾ ਵਿਵਰਣ ਤਾਂ ਸਿਰਜਦਾ ਹੈ, ਪਰ ਇਤਿਹਾਸਕ ਘਟਨਾਵਾਂ ਦੇ ਆਧਾਰ ਉੱਤੇ ਨਾਟਕੀ ਸੰਦਰਭ ਅਤੇ ਸਥਿਤੀ ਦੀ ਸਿਰਜਣਾ ਨਹੀਂ ਕਰਦਾ। ਨਾਟਕ ਦੀਆਂ ਘਟਨਾਵਾਂ ਅਤੇ ਤਨਾਉ-ਰਹਿਤ ਕਾਰਜ ਕਾਰਨ ਇਸ ਦੀ ਮੰਚ ਉੱਪਰ ਪੇਸ਼ਕਾਰੀ ਅਸੰਭਵ ਨਹੀਂ ਪਰ ਮੁਸ਼ਕਲ ਜ਼ਰੂਰ ਹੈ।

ਰੋਸ਼ਨ ਲਾਲ ਆਹੂਜਾ ਦਾ ਨਾਟਕ ਮਹਾਰਾਣੀ ਜਿੰਦ ਕੌਰ (1984) ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਲੈ ਕੇ ਰਾਣੀ ਜਿੰਦਾਂ ਦੀ ਮੌਤ ਤੱਕ ਦੀਆਂ ਇਤਿਹਾਸਕ ਘਟਨਾਵਾਂ ਉੱਪਰ ਆਧਾਰਿਤ ਹੈ। ਨਾਟਕੀ ਕਥਾਨਕ ਨੂੰ ਪੰਜ ਅੰਕਾਂ ਵਿੱਚ ਵੰਡਿਆ ਗਿਆ ਹੈ ਅਤੇ ਅੰਕਾਂ ਦੀ

International Research Journal of Humanities, Language and Literature
Vol. 2, Issue 12, Dec 2015 IF- 2.255 ISSN: (2394-1642)
© Associated Asia Research Foundation (AARF)
Website: www.aarf.asia Email : editor@aarf.asia , editoraarf@gmail.com

ਝਾਕੀਆਂ ਵਿੱਚ ਉਪਵੰਡ ਕੀਤੀ ਗਈ ਹੈ। ਸਾਰੀ ਰਚਨਾ ਵਿੱਚ ਨਾਟਕੀ-ਦ੍ਰਿਸ਼ਾਂ ਅਤੇ ਘਟਨਾਵਾਂ ਦੀ ਪ੍ਰਸਤੁਤੀ ਬਹੁਤਾ ਵਿਸ਼ਾਲ ਪੱਧਰ ਉੱਪਰ ਸਿਰਜੀ ਗਈ ਹੈ। ਇਨ੍ਹਾਂ ਦ੍ਰਿਸ਼ਾਂ ਨੂੰ ਪੰਜਾਬੀ ਮੰਚ ਉੱਪਰ ਸਾਕਾਰ ਕਰਨਾ ਸੰਭਵ ਨਹੀਂ।

ਸੰਤ ਸਿੰਘ ਸੇਖੋਂ ਦਾ ਨਾਟਕ ਬੰਦਾ ਬਹਾਦਰ (1984) ਬੰਦੇ ਬਹਾਦਰ ਦੇ ਜੀਵਨ ਦੀਆਂ ਵਿਵਾਦ-ਗ੍ਰਸਤ ਪਰ ਮਹੱਤਵਪੂਰਨ ਇਤਿਹਾਸਕ ਘਟਨਾਵਾਂ 'ਤੇ ਅਧਾਰਿਤ ਨਾਟਕ ਹੈ। ਪਾਤਰਾਂ ਦੀ ਭਾਸ਼ਾ ਬੇਸ਼ਕ ਵਰਤਮਾਨ ਸਮੇਂ ਦੀ ਹੈ ਪਰ ਪਾਤਰਾਂ ਦੀ ਇਤਿਹਾਸਕ ਸਥਿਤੀ ਦੀ ਅਨੁਸਾਰੀ ਹੈ ਅਤੇ ਉਨ੍ਹਾਂ ਦੀ ਮਾਨਸਿਕ ਸਥਿਤੀ ਦਾ ਬੋਧ ਕਰਵਾਉਂਦੀ ਹੈ। ਘਟਨਾਵਾਂ ਨੂੰ ਇਤਿਹਾਸਕ ਸੰਦਰਭ ਅਨੁਸਾਰ ਤਾਂ ਪੇਸ਼ ਕੀਤਾ ਗਿਆ ਹੈ, ਪਰ ਇਨ੍ਹਾਂ ਘਟਨਾਵਾਂ ਨੂੰ ਨਾਟਕ ਦੀ ਵਿਧੀ ਦੀਆਂ ਬੁਨਿਆਦੀ ਰੀਤੀਆਂ ਅਨੁਸਾਰ ਨਹੀਂ ਢਾਲਿਆ ਗਿਆ, ਜਿਸ ਕਾਰਨ ਇਸ ਲਿਖਤ ਪਾਠ ਦੇ ਖੇਡ-ਪਾਠ ਬਣਨ ਦੀਆਂ ਸੰਭਾਵਨਾਵਾਂ ਦ੍ਰਿਸ਼ਟੀਗੋਚਰ ਨਹੀਂ ਹੁੰਦੀਆਂ।

ਸੰਤ ਸਿੰਘ ਸੇਖੋਂ ਦਾ ਹੀ ਇੱਕ ਹੋਰ ਇਤਿਹਾਸਕ ਨਾਟਕ ਵੱਡਾ ਘੱਲੂਘਾਰਾ (1986) ਸਿੱਖ ਕੌਮ ਨਾਲ ਸੰਬੰਧਿਤ ਮਹੱਤਵਪੂਰਨ ਸੰਘਰਸ਼ ਅਤੇ ਸੰਕਟਮਈ ਘਟਨਾਵਾਂ ਉੱਪਰ ਆਧਾਰਿਤ ਹੈ। ਨਾਟਕ ਵਿੱਚ ਸਿੱਖਾਂ ਦਾ ਹਰ ਸਥਿਤੀ ਨੂੰ ਰੱਬ ਦੀ ਰਜ਼ਾ ਸਮਝਦੇ ਸੰਤੁਸ਼ਟ ਹੋ ਜਾਣ ਕਾਰਨ ਹਮੇਸ਼ਾਂ ਚੜ੍ਹਦੀ ਕਲਾ ਵਿੱਚ ਰਹਿਣ ਦੇ ਫ਼ਲਸਫ਼ੇ ਕਾਰਨ ਸਿੱਖਾਂ ਦੇ ਇਤਿਹਾਸਕ ਹਨ। ਕਾਲਪਨਿਕ ਪਾਤਰਾਂ ਦਾ ਮਹੱਤਵ ਉਸ ਇਤਿਹਾਸਕ ਸਮੇਂ ਵਿੱਚ ਪੰਜਾਬ ਦੀ ਸਮਾਜਿਕ ਜ਼ਿੰਦਗੀ ਦਾ ਬੋਧ ਕਰਾਉਣ ਵਿੱਚ ਅਤੇ ਇਤਿਹਾਸਕ ਸਥਿਤੀ ਦੇ ਨਾਟਕੀ ਸੰਦਰਭ ਉਘਾੜਨ ਵਿੱਚ ਹੈ। ਅਠਾਰ੍ਹਵੀਂ ਸਦੀ ਦੇ ਸਿੱਖ ਸੰਘਰਸ਼ ਨੂੰ ਮੁਗ਼ਲ ਹਕੂਮਤ ਵਿਰੁੱਧ ਪੰਜਾਬ ਦੇ ਲੋਕ-ਸੰਘਰਸ਼ ਵਜੋਂ ਪੇਸ਼ ਕਰਨਾ ਹੀ ਇਸ ਨਾਟਕ ਦੀ ਪ੍ਰਾਪਤੀ ਹੈ।

ਡਾ. ਸਤੀਸ਼ ਕੁਮਾਰ ਵਰਮਾ ਦਾ ਨਾਟਕ ਲੋਕ ਮਨਾਂ ਦਾ ਰਾਜਾ (2004), ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਬਿਰਤਾਂਤ ਦੀਆਂ ਕੁਝ ਮਹੱਤਵਪੂਰਨ ਘਟਨਾਵਾਂ ਉੱਪਰ ਆਧਾਰਿਤ ਇੱਕ ਬਹੁ-ਵਿਧਾਈ ਇਤਿਹਾਸਕ ਨਾਟਕ ਹੈ। ਇਸ ਵਿੱਚ ਨਾਟਕਕਾਰ ਨੇ ਰਣਜੀਤ ਸਿੰਘ ਦੇ ਕਿਵੇਂ ਆਪਣੀ ਸਿਆਣਪ ਤੇ ਹਿੰਮਤ ਦੇ ਬਲਬੂਤੇ ਪੰਜਾਬ 'ਚ ਆਪਣਾ ਰਾਜ ਸਥਾਪਿਤ ਕੀਤਾ, ਉਸ ਦੀਆਂ ਰਾਜ-ਪਾਟ ਦੀਆਂ ਨੀਤੀਆਂ ਕੀ ਸਨ, ਉਸ ਦੇ ਅੰਗਰੇਜ਼ਾਂ ਨਾਲ ਸੰਬੰਧ ਕਿਹੋ ਜਿਹੇ ਸਨ ਅਤੇ ਉਸ ਦੀ ਮੌਤ ਉਪਰੰਤ ਲਾਹੌਰ ਦਰਬਾਰ ਵਿੱਚ ਫੈਲੀ ਅਰਾਜਕਤਾ ਜਿਸ ਕਾਰਨ ਅੰਗਰੇਜ਼ ਪੰਜਾਬ ਤੇ ਕਬਜ਼ਾ ਕਰਨ ਵਿੱਚ ਸਫ਼ਲ ਹੋਏ ਆਦਿ ਘਟਨਾਵਾਂ ਨੂੰ ਪੇਸ਼ਕਾਰੀ ਦਾ ਹਿੱਸਾ ਨਹੀਂ ਬਣਾਇਆ ਬਲਕਿ ਰਣਜੀਤ ਸਿੰਘ ਦੀ ਜਿੰਦਗੀ ਦੇ ਉਹਨਾਂ ਪੱਖਾਂ ਨੂੰ ਉਭਾਰਿਆ ਹੈ ਜਿੰਨ੍ਹਾਂ ਸਦਕਾ ਉਹ ਲਾਹੌਰ ਦੇ ਰਾਜ ਦਰਬਾਰ ਦੇ ਗੱਦੀ ਤੇ ਬੈਠਣ ਦੇ ਨਾਲ-ਨਾਲ ਲੋਕ-ਮਨਾਂ ਦੇ ਗੋਦੀ ਤੇ ਬੈਠਕੇ ਰਾਜ ਕਰਦਾ ਰਿਹਾ। ਇਸ ਨਾਟਕ ਦਾ ਮੂਲ ਆਧਾਰ ਸ਼ਾਹ ਮੁਹੰਮਦ ਦਾ ਜੰਗਨਾਮਾ ਹੈ ਅਤੇ ਸ਼ਾਹ ਮੁਹੰਮਦ ਦੀ ਰਚਨਾ ਦੁਆਰਾ ਉਸਰਿਆ ਅਤੇ ਨਾਟਕਕਾਰ ਵਜੋਂ ਪੂਰਕ ਕਾਵਿ-ਸਿਰਜਨਾ ਰਾਹੀਂ ਆਕਾਰ ਗ੍ਰਹਿਣ ਕਰਨ ਵਾਲਾ ਇਹ ਨਾਟਕ ਪੰਜਾਬੀ ਨਾਟਕ ਦੇ ਬਹੁ-ਵਿਧਾਈ ਪਸਾਰਾਂ ਦਾ ਪ੍ਰਮਾਣੀਕ ਦਸਤਾਵੇਜ਼ ਹੋ ਨਿਬੜਦਾ ਹੈ। ਨਾਟਕਕਾਰ ਨੇ

International Research Journal of Humanities, Language and Literature
Vol. 2, Issue 12, Dec 2015 IF- 2.255 ISSN: (2394-1642)
© Associated Asia Research Foundation (AARF)
Website: www.aarf.asia Email : editor@aarf.asia , editoraarf@gmail.com

ਵਿਧਾਗਤ ਨਾਮਕਰਨ 'ਬਹੁ-ਵਿਧਾਈ ਨਾਟਕ' ਠੀਕ ਹੀ ਕੀਤਾ ਜਾਪਦਾ ਹੈ ਕਿਉਂਕਿ ਇਸ ਵਿੱਚ ਨਾਟਕ ਦੀ ਵਿਧਾ ਦੇ ਸਾਰੇ ਪਾਸਾਰ ਦ੍ਰਿਸ਼ਟੀਗੋਚਰ ਹੁੰਦੇ ਹਨ-

1. ਸਾਹਿਤਕ ਨਾਟਕ ਦੇ

2. ਰੇਡੀਓ ਨਾਟਕ ਦੇ

3. ਟੀ.ਵੀ. ਵਿਧਾ ਦੇ

4. ਸੰਗੀਤ ਵਿਧਾ ਦੇ

ਇਸ ਤੋਂ ਇਲਾਵਾ ਸੰਸਕ੍ਰਿਤ ਨਾਟ ਸ਼ੈਲੀ ਅਤੇ ਲੋਕ-ਨਾਟ ਸ਼ੈਲੀ ਦਾ ਪ੍ਰਸੰਗ ਵੀ ਇਸ ਨਾਟਕ ਦੇ ਬਹੁ-ਵਿਧਾਈ ਪਾਸਾਰਾਂ ਵਿੱਚ ਵਾਧਾ ਕਰਦਾ ਹੈ-

1. ਸੰਸਕ੍ਰਿਤ ਨਾਟਕ ਦਾ ਅਹਿਮ ਜੁਜ਼ ਸੂਤਰਧਾਰ

2. ਸੰਸਕ੍ਰਿਤ ਨਾਟਕ ਦਾ ਨਟ-ਨਟੀ ਪ੍ਰਸੰਗ

3. ਲੋਕ ਨਾਟ-ਸ਼ੈਲੀ ਨਕਲ ਦਾ ਪ੍ਰਸੰਗ

ਇਸ ਪ੍ਰਕਾਰ ਇਹ ਨਾਟਕ ਕੇਵਲ ਸਾਹਿਤ ਜਾਂ ਨਾਟਕ ਦੀ ਵਿਧਾ ਨੂੰ ਹੀ ਅੰਗੀਕਾਰ ਨਹੀਂ ਕਰਦਾ ਸਗੋਂ ਸਾਹਿਤ, ਰੰਗਮੰਚ, ਰੇਡੀਓ, ਟੀ. ਵੀ. ਅਤੇ ਲੋਕ-ਕਲਾ ਆਦਿ ਵਿਕੋਲਿੱਤਰੀਆਂ ਕਲਾਤਮਕ ਵਿਧਾਵਾਂ ਦਾ ਸੁਮੇਲ ਵੀ ਸਿਰਜਦਾ ਹੈ। ਇਸ ਨਾਟਕ ਨਾਲ ਪੰਜਾਬੀ ਨਾਟਕ ਦੇ ਅਗਲੇਰੇ ਵਿਕਸਿਤ ਰੂਪਾਂ ਦੀ ਕੜੀ ਵਿੱਚ ਤਾਂ ਵਾਧਾ ਹੋਇਆ ਹੀ ਹੈ ਇਸ ਦੇ ਨਾਲ-ਨਾਲ ਇੱਕਵੀਂ ਸਦੀ ਵਿੱਚ ਬਹੁਤ ਸਾਰੀਆਂ ਵਿਧਾਵਾਂ ਦੇ ਸੰਯੁਕਤ ਰੂਪ ਦੀ ਸੰਭਾਵਨਾ ਵੀ ਉਜਾਗਰ ਹੁੰਦੀ ਹੈ।

ਸੰਖੇਪ ਵਿੱਚ ਅਸੀਂ ਕਹਿ ਸਕਦੇ ਹਾਂ ਕਿ 1965 ਤੋਂ ਬਾਅਦ ਪੰਜਾਬੀ ਇਤਿਹਾਸਕ ਨਾਟਕ ਆਧੁਨਿਕ ਮਨੁੱਖ ਦੀਆਂ ਆਰਥਿਕ, ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਸਮੱਸਿਆਵਾਂ ਕਾਰਨ ਪੈਦਾ ਹੋਈ। ਮਾਨਸਿਕ ਉਪਰਾਮਤਾ ਨੂੰ ਸਿਰਜਦਾ ਹੈ। ਪੰਜਾਬ ਦੀ ਵਰਤਮਾਨ ਸਥਿਤੀ ਨੂੰ ਜਿਥੇ ਪੰਜਾਬੀ ਨਾਟਕ ਫ਼ਿਰਕੂ ਵਿਰੋਧ ਦੀ ਸਮੱਸਿਆ ਸਮਝ ਕੇ ਫ਼ਿਰਕੂ ਸਦਭਾਵਨਾ ਬਣਾਈ ਰੱਖਣ ਦੀ ਪ੍ਰੇਰਣਾ ਦਿੰਦਾ ਪ੍ਰਤੀਤ ਹੁੰਦਾ ਹੈ, ਉੱਥੇ ਪੰਜਾਬੀ ਇਤਿਹਾਸਕ ਨਾਟਕ ਇਸ ਸਥਿਤੀ ਨੂੰ ਇਤਿਹਾਸਕ ਘਟਨਾਵਾਂ ਦੇ ਸੰਦਰਭ ਵਿੱਚ ਪੇਸ਼ ਕਰ ਕੇ ਸਿੱਖ ਧਰਮ ਦੇ ਭਾਣਾ ਮੰਨਣ ਦੇ ਸੰਕਲਪ ਦੀ ਵਿਭਿੰਨਤਾ ਅਤੇ ਪ੍ਰਾਪਤੀਆਂ ਨੂੰ ਪੇਸ਼ ਕਰਨ ਦੇ ਆਹਰ ਵਿੱਚ ਹੈ।

International Research Journal of Humanities, Language and Literature
Vol. 2, Issue 12, Dec 2015 IF- 2.255 ISSN: (2394-1642)
© Associated Asia Research Foundation (AARF)
Website: www.aarf.asia Email : editor@aarf.asia , editoraarf@gmail.com

ਹਵਾਲੇ ਅਤੇ ਟਿੱਪਣੀਆਂ

1. ਰੋਸ਼ਨ ਲਾਲ ਆਹੂਜਾ, ਸਾਹਿਤ ਸ਼ਾਸਤਰ, ਪੰਨਾ 46.

2. ਰੋਜ਼ਾਨਾ ਪੰਜਾਬੀ ਟ੍ਰਿਬਿਊਨ, 12 ਫਰਵਰੀ 2006.

3. ਗੁਰਦਿਆਲ ਸਿੰਘ ਫੁੱਲ, ਪੰਜਾਬੀ ਨਾਟ: ਸਰੂਪ, ਸਿਧਾਂਤ ਤੇ ਵਿਕਾਸ, ਪੰਨਾ 301.

4. ਹਰਭਜਨ ਸਿੰਘ, ਪੰਜਾਬੀ ਇਤਿਹਾਸਕ ਨਾਟਕ: ਇਤਿਹਾਸ ਤੇ ਨਾਟਕੀ ਚੇਤਨਾ, ਪੰਨਾ 4.

5. ਉਹੀ, ਪੰਨਾ 4.

6. ਕਾਹਨ ਸਿੰਘ ਨਾਭਾ, ਮਹਾਨ ਕੋਸ਼, ਪੰਨਾ 123.

7. ਹਰਭਜਨ ਸਿੰਘ, ਪੰਜਾਬੀ ਇਤਿਹਾਸਕ ਨਾਟਕ: ਇਤਿਹਾਸ ਤੇ ਨਾਟਕੀ ਚੇਤਨਾ, ਪੰਨਾ 6.

8. ਹਰਭਜਨ ਸਿੰਘ, ਪੰਜਾਬੀ ਇਤਿਹਾਸਕ ਨਾਟਕ, ਪੰਨਾ 10.

9. ਕਾਹਨ ਸਿੰਘ ਨਾਭਾ, ਮਹਾਨ ਕੋਸ਼, ਪੰਨਾ 679.

10. ਪਿਆਰਾ ਸਿੰਘ, ਪੰਜਾਬੀ ਨਾਟਕ ਤੇ ਰੰਗਮੰਚ: ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ, ਪੰਨਾ 3.

11. ਗੁਰਦਿਆਲ ਸਿੰਘ ਫੁੱਲ, ਪੰਜਾਬੀ ਨਾਟਕ: ਸਰੂਪ, ਸਿਧਾਂਤ ਤੇ ਵਿਕਾਸ, ਪੰਨੇ 9-10.

12. ਖੋਜ ਪਤ੍ਰਿਕਾ, ਨਾਟਕ: ਸਰੂਪ ਤੇ ਅਧਿਐਨ ਦੀ ਸਮੱਸਿਆ, ਪੰਨਾ 15.

13. ਪਿਆਰਾ ਸਿੰਘ, ਪੰਜਾਬੀ ਨਾਟਕ ਤੇ ਰੰਗਮੰਚ: ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ, ਪੰਨਾ 84.

14. ਗੁਰਦਿਆਲ ਸਿੰਘ ਫੁੱਲ, ਪੰਜਾਬੀ ਨਾਟਕ: ਸਰੂਪ, ਸਿਧਾਂਤ ਤੇ ਵਿਕਾਸ, ਪੰਨਾ 301.

15. ਹਰਭਜਨ ਸਿੰਘ ਫੁੱਲ, ਪੰਜਾਬੀ ਇਤਿਹਾਸਕ ਨਾਟਕ: ਇਤਿਹਾਸ ਤੇ ਨਾਟਕੀ ਚੇਤਨਾ, ਪੰਨਾ 27.

International Research Journal of Humanities, Language and Literature
Vol. 2, Issue 12, Dec 2015 IF- 2.255 ISSN: (2394-1642)
© Associated Asia Research Foundation (AARF)
Website: www.aarf.asia Email : editor@aarf.asia , editoraarf@gmail.com

16. ਹਰਭਜਨ ਸਿੰਘ ਫੁੱਲ, ਪੰਜਾਬੀ ਇਤਿਹਾਸਕ ਨਾਟਕ: ਇਤਿਹਾਸ ਤੇ ਨਾਟਕੀ ਚੇਤਨਾ, ਪੰਨਾ 22.

17. ਭਾਸ਼ਾ ਵਿਭਾਗ ਪੰਜਾਬ (ਸੰਪਾ), ਨਾਟਕ ਸਿਧਾਂਤ ਤੇ ਰੰਗਮੰਚ, ਪੰਨਾ 174.

18. ਹਰਭਜਨ ਸਿੰਘ, ਪੰਜਾਬੀ ਇਤਿਹਾਸਕ ਨਾਟਕ: ਇਤਿਹਾਸ ਤੇ ਨਾਟਕੀ ਚੇਤਨਾ, ਪੰਨਾ 174.

19. ਉਹੀ, ਪੰਨਾ 175.

20. ਉਹੀ, ਪੰਨਾ 177.

21. ਗੁਰਚਰਨ ਸਿੰਘ, 'ਮਹਾਰਾਜਾ ਰਣਜੀਤ ਸਿੰਘ ਨਾਟਕ ਇੱਕ ਆਲੋਚਨਾਤਮਕ ਅਧਿਐਨ, ਸਾਹਿਤ ਸਮਾਚਾਰ, ਪੰਨਾ 91.

22. ਉਹੀ, ਪੰਨਾ 90-91.

23. ਕਿਰਪਾ ਸਾਗਰ, ਮਹਾਰਾਜਾ ਰਣਜੀਤ ਸਿੰਘ (ਭਾਗ ਪਹਿਲਾ), ਪੰਨਾ 35.

24. ਈਸ਼ਰ ਸਿੰਘ ਅਟਾਰੀ (ਸੰਪਾ), ਕਿਰਪਾ ਸਾਗਰ ਸਮਿਰਤੀ ਗ੍ਰੰਥ, ਪੰਨਾ35.